# ਬੈਲਜਿਕ ਨਾਮਕ ਮਸੀਹੀ ਵਿਸ਼ਵਾਸ ਇਕਰਾਰ

# BELGIC CONFESSION OF FAITH

Published in 2006 by
The Hope Centre of the United Reformed Churches in North America
P.0. Box 774, Wyoming, Ontario, Canada. N0N 1T0.

ISBN 0-9737140-2-6
Printed in Canada

# FOREWORD

This publication marks another milestone in the Lord's working amongst South Asians in Toronto. The translation of this Reformed Confession into the Punjabi and Urdu languages is exciting news for all of us who have watched the ministry grow. We rejoice with those who recognized the need for this ministry and called first Rev. Tony Zekveld in 1995 and then also Rev. Eric Pennings in 2002 to work among the nations right here in our own country. This document also testifies to the power of the Holy Spirit in the heart of Mr. Ernest Paul, a South Asian Christian who was instrumental in translating from English to Punjabi and Urdu. Finally, we trust that this effort also reflects the advance of Christ's Church throughout the world as requests for copies have already come from India. To God be the glory for the things He has done.

**Andrew Hiemstra**,
for the Committee appointed by and from among the United Reformed congregations in Toronto and Wyoming (Ontario, Canada).

*From the translator*:

I am thankful to Pastor Tony Zekveld and Pastor Eric Pennings for the opportunity to assist in this project. It was with their continued support, motivation, and the grace of the Lord that allowed me to complete this project that was entrusted to me. I am also thankful to Pastor Balhar Singh that he has made this publication ready for printing.

I would like to dedicate my efforts in memory of my late parents, Rev. and Mrs. Bant Ram Paul.

**Ernest Paul**

# ਭੂਮਿਕਾ

ਇਹ ਪ੍ਰਕਾਸ਼ਨ Toronto ਦੇ ਦੱਖਣੀ ਐਸ਼ੀਆਨ ਸਮਾਜ਼ ਵਿਚ ਪਰਮੇਸ਼ਰ ਦੇ ਕੰਮ ਦੀ ਉਨਤੀ ਦਾ ਇੱਕ ਹੋਰ ਮੀਲ ਪੱਥਰ ਹੈ। ਇਸ `Reformed ਇਮਾਨ ਦਾ ਇਕਬਾਲਨਾਵਾ` ਦਾ ਪੰਜਾਬੀ ਅਤੇ ਉਰਦੂ ਜ਼ੁਬਾਨਾਂ ਵਿੱਚ ਤਰਜਮਾ ਸਾਡੇ ਸਾਰਿਆਂ ਲਈ ਜਿਨ੍ਹਾਂ ਨੇ ਇਸ ਧਾਰਮਿਕ ਸੇਵਾ ਨੂੰ ਤਰੱਕੀ ਕਰਦੇ ਹੋਏ ਦੇਖਿਆ ਹੈ ਇੱਕ ਬਹੁਤ ਉੱਤੇਜਿਤ ਖਬਰ ਹੈ। ਅਸੀਂ ਉਨ੍ਹਾਂ ਦੀ ਖੁਸ਼ੀ ਵਿਚ ਸ਼ਾਮਲ ਹਾਂ ਜਿਨ੍ਹਾਂ ਨੇ ਪਰਮੇਸ਼ਰ ਦੀ ਇਸ ਸੇਵਾ ਨੂੰ ਮਾਨਤਾ ਦਿੱਤੀ ਅਤੇ ਸਭ ਤੋਂ ਪਹਿਲਾ ਪਾਦਰੀ Tony Zekveld ਨੂੰ 1995 ਵਿੱਚ ਪਰਮੇਸ਼ਰ ਦੀ ਸੇਵਾ ਲਈ ਬੁਲਾਇਆ ਗਿਆ ਅਤੇ ਫਿਰ ਪਾਦਰੀ Eric Pennings ਨੂੰ 2002 ਵਿਚ ਬੁਲਾਇਆ ਤਾਂ ਕਿ ਪਰਮੇਸ਼ਰ ਦਾ ਸ਼ਬਦ ਫਰਕ ਫਰਕ ਕੌਮਾਂ ਵਿਚ ਪਹੁੰਚਾਇਆ ਜਾਵੇ ਜੋ ਇਸ ਦੇਸ਼ ਵਿੱਚ ਨਿਵਾਸ ਕਰਦੀਆਂ ਹਨ। ਇਹ ਦਸਤਾਵੇਜ਼ ਪਵਿੱਤਰ ਆਤਮਾ ਦੀ ਸ਼ਕਤੀ ਦੀ ਇਕ ਮਿਸਾਲ ਹੈ ਜਿਸ ਨੇ ਦੱਖਣੀ ਅਸ਼ੀਆਨ ਸਮਾਜ਼ ਦੇ Ernest Paul ਦੇ ਦਿਲ ਵਿਚ ਕੰਮ ਕੀਤਾ ਅਤੇ ਉਸ ਨੇ ਇਸ ਕਿਤਾਬ ਦਾ ਅੰਗਰੇਜੀ ਤੋਂ ਉਰਦੂ ਅਤੇ ਪੰਜਾਬੀ ਜ਼ੁਬਾਨਾਂ ਵਿਚ ਤਰਜਮਾ ਕੀਤਾ। ਅੰਤ ਵਿਚ, ਸਾਨੂੰ ਇਹ ਵਿਸ਼ਵਾਸ ਹੈ ਕਿ ਇਹ ਕੋਸ਼ਿਸ਼ ਸਾਰੀ ਦੁਨਿਆਂ ਵਿਚ ਮਸੀਹ ਦੀ ਕਲੇਸੀਯਾ ਦੀ ਤਰੱਕੀ ਨੂੰ ਪ੍ਰਗਟ ਕਰਦੀ ਹੈ ਕਿਉਂ-ਕਿ ਇਸ ਦੀ ਪ੍ਰਕਾਸ਼ਨ ਦੀ ਕਪੀਆਂ ਦੀ ਮੰਗ ਭਾਰਤ ਤੋਂ ਆਈ ਹੈ। ਪਰਮੇਸ਼ਰ ਦੀ ਮਹਿਮਾ ਹੋਵੇ ਜਿਸ ਨੇ ਇਹ ਸਭ ਕੁਝ ਕੀਤਾ।

Andrew Hiemstra,
ਮੈਂਬਰ ਕਮੇਟੀ United Reformed Churches ਦੀ Toronto ਅਤੇ Wyoming, Ontario, Canada ਦੀ ਕਲੀਸਿਆਵਾਂ।

ਮੈਂ ਪਾਦਰੀ Tony Zekveld ਅਤੇ ਪਾਦਰੀ Eric Pennings ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਯੋਜਨਾ ਵਿਚ ਮੇਰੀ ਮਦਦ ਕੀਤੀ। ਇਹ ਉਨ੍ਹਾਂ ਦੋਨਾਂ ਦੀ ਪਰੇਰਨਾ ਅਤੇ ਮਦਦ ਅਤੇ ਪਰਮੇਸ਼ਰ ਦੇ ਕਰਮ ਦਾ ਹੀ ਨਤੀਜਾ ਹੈ ਕਿ ਮੈਂ ਇਸ ਕੰਮ ਨੂੰ ਜੋ ਮੇਰੇ ਹਵਾਲੇ ਕੀਤਾ ਗਿਆ ਸੀ ਪੂਰਾ ਕਰਨ ਵਿਚ ਸਫਲ ਹੋਇਆ ਹਾਂ। ਮੈਂ ਪਾਦਰੀ Balhar Singh ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੀ ਇਸ ਹਸਤ-ਲਿਖਤ ਨੂੰ ਪ੍ਰਕਾਸ਼ਨ ਲਈ ਤਿਆਰ ਕੀਤਾ।

ਮੈਂ ਆਪਣੀ ਇਸ ਕੋਸ਼ਿਸ ਨੂੰ ਆਪਣੇ ਸਵਰਗੀ ਮਾਤਾ-ਪਿਤਾ ਪਾਦਰੀ ਅਤੇ Mrs. Bantram Paul ਦੀ ਯਾਦ ਵਿੱਚ ਭੇਂਟ ਕਰਦਾ ਹਾਂ।

Ernest Paul



## ਬੈਲਜਿਕ ਵਿਸ਼ਵਾਸ ਦਾ ਇਕਬਾਲਨਾਮਾ

Canadian Reformed ਕਲੀਸਿਾਵਾਂ ਦੀ ਸਿੱਖਿਆਂ ਦਾ ਪਹਿਲਾ ਮਿਆਰ ਵਿਸ਼ਵਾਸ ਨੂੰ ਕਬੂਲ ਕਰਨਾ ਹੈ। ਇਸ ਨੂੰ ਆਮ ਤੌਰ ਤੇ ਬੈਲਜਿਕ ਵਿਸ਼ਵਾਸ ਦਾ ਇਕਬਾਲਨਾਵਾਂ ਕਿਹਾ ਜਾਂਦਾ ਹੈ। ਕਿਉਂ-ਕਿ ਇਸ ਦਾ ਅਰੰਭ ਦੱਖਣੀ Netherlands ਵਿਚ ਹੋਇਆ ਸੀ ਜਿਸ ਨੂੰ ਅੱਜ Belgium ਕਿਹਾ ਜਾਂਦਾ ਹੈ। ਇਸ ਦਾ ਮੁਖ ਬਾਨੀ Guido de Bres ਸੀ, ਜੋ ਕਿ Netherlands ਦੀ Reformed ਕਲੀਸਿਾਵਾਂ ਦਾ ਪ੍ਰਚਾਰਕ ਸੀ, ਜੋ ਕਿ ਸਾਲ 1567 ਵਿੱਚ ਆਪਣੇ ਵਿਸ਼ਵਾਸ ਲਈ ਸ਼ਹੀਦੀ ਮੌਤ ਮਰਿਆ। ਸੋਲਵੀਂ ਸਦੀ ਵਿੱਚ ਇਸ ਮੁਲਕ ਦੀ Roman Catholic ਸਰਕਾਰ ਵੱਲੋਂ ਕਲੀਸਿਾਵਾਂ ਤੇ ਬਹੁਤ ਭਿਆਨਕ ਅਤਿਆਚਾਰ ਕੀਤੇ ਜਾਂਦੇ ਸੀ। ਇਸ ਜਾਲਮਾਨਾ ਦੁਬਾਓ ਦੇ ਵਿਰੋਧ ਵਿਚ, ਅਤੇ ਅਤਿਆਚਾਰ ਕਰਨ ਵਾਲਿਆਂ ਨੂੰ ਇਹ ਸਬਕ ਦੇਣ ਲਈ ਕਿ Reformed ਵਿਸ਼ਵਾਸ ਦੇ ਸਮਰਥਕ ਵਿਧਰੋਹੀ ਨਹੀਂ ਸੀ, ਜਿਸ ਤਰ੍ਹਾਂ ਕਿ ਉਨ੍ਹਾਂ ਤੇ ਦੋਸ਼ ਲਾਇਆ ਗਿਆ ਸੀ, ਪਰ ਕਾਨੂੰਨ ਦੀ ਪਾਲਣਾ ਕਰਨ ਵਾਲੇ ਸ਼ਹਿਰੀ ਹਨ ਜੋ ਪਵਿੱਤਰ ਬਾਨੀ ਅਨੁਸ਼ਾਰ ਸਚੀ ਮਸੀਹੀ ਸਿੱਖਿਆਂ ਨੂੰ ਪ੍ਰਗਟ ਕਰਦੇ ਸੀ, de Bres ਨੇ ਇਹ ਇਕਬਾਲਨਾਮਾਂ ਸਾਲ 1561 ਵਿਚ ਤਿਆਰ ਕੀਤਾ। ਆਉਣ-ਵਾਲੇ ਸਾਲ ਵਿੱਚ ਇਸ ਦੀ ਇੱਕ ਨਕਲ ਬਾਦਸ਼ਾਹ Phillip II ਨੂੰ ਭੇਜ਼ੀ ਗਈ ਸੀ, ਜਿਸ ਵਿਚ ਅਪੀਲ ਕਰਨ ਵਾਲੇ ਨੇ ਇਹ ਵੀ ਇਲਾਨ ਕੀਤਾ ਸੀ ਕਿ ਉਹ ਨੇਮ ਅਨੁਸਾਰ ਸਰਕਾਰ ਦੀ ਹਰ ਆਗਿਆ ਦਾ ਪਾਲਣ ਕਰਨ ਲਈ ਤਿਆਰ ਸੀ, ਪਰ ਉਹ "ਆਪਣੀਆਂ ਪਿਠਾਂ ਕੋਰੜੇ ਦੀ ਮਾਰ ਖਾਨ ਲਈ, ਆਪਣੀਆਂ ਜੀਭਾਂ ਛੁਰੀਆਂ ਵਾਸਤੇ, ਆਪਣੇ ਮੂੰਹ ਬੰਦ ਕਰਵਾਉਣ ਲਈ, ਅਤੇ ਆਪਣੇ ਸਰੀਰ ਕੋਰੜੇ ਦੀ ਮਾਰ ਖਾਣ ਲਈ ਪੇਸ਼ ਕਰ ਦੇਣਗੇ", ਪਰ ਇਸ ਸਚਾਈ ਤੋਂ ਜੋ ਇਸ ਵਿਚ ਇਕਬਾਲ ਕੀਤੀ ਗਈ ਹੈ ਇਨਕਾਰ ਨਹੀਂ ਕਰਨਗੇ।

ਚਾਹੇ ਇਸ ਅਤਿਆਚਾਰ ਤੋਂ ਆਜ਼ਾਦ ਹੋਨ ਦਾ ਇਰਾਦਾ ਤਰੁੰਤ ਹਾਸਲ ਨਹੀਂ ਸੀ ਹੋ ਸਕੀਆਂ, ਅਤੇ de Bres ਆਪ ਵੀ ਉਨ੍ਹਾਂ ਹਜ਼ਾਰਾ ਵਿਚੋਂ ਇੱਕ ਸੀ ਜਿਨ੍ਹਾਂ ਨੇ ਆਪਣੇ ਵਿਸ਼ਵਾਸ ਨੂੰ ਆਪਣੇ ਜੀਵਨ ਤੇ ਮੋਹਰ ਬੰਦ ਕਰ ਦਿੱਤਾ, ਉਸ ਦਾ ਕੰਮ ਕਾਇਮ ਹੈ ਅਤੇ ਯੁਗਾਂ ਤਕ ਕਾਇਮ ਰਹੇਗਾ।

# ਬੈਲਜਿਕ ਨਾਮਕ ਮਸੀਹੀ ਵਿਸਵਾਸ਼ ਇਕਰਾਰ

ਮਸੀਹੀ ਵਿਸ਼ਵਾਸ ਦਾ ਸੱਚਾ ਇਕਕਰਾਰ। ਇਸ ਵਿੱਚ ਸੰਖੇਪ ਤੌਰ ਤੇ ਪ੍ਰਮੇਸ਼ਵਰ ਦੀ ਸਿੱਖਿਆ ਅਤੇ ਸਦਾ ਦੀ ਮੁਕਤੀ ਸ਼ਾਮਲ ਹੈ।

## ਆਰਟੀਕਲ 1
## ਸਿਰਫ ਇੱਕ ਹੀ ਪ੍ਰਮੇਸ਼ਵਰ ਹੈ।

ਅਸੀਂ ਸਾਰੇ ਆਪਣੇ ਦਿਲ ਨਾਲ ਵਿਸ਼ਵਾਸ ਕਰਦੇ ਹਾਂ ਅਤੇ ਆਪਣੇ ਮੂੰਹ ਨਾਲ ਕਬੂਲ ਕਰਦੇ ਹਾਂ
(1) ਕਿ ਸਿਰਫ ਇੱਕ ਹੀ ਪ੍ਰਮੇਸ਼ਵਰ ਹੈ (2) ਜੋ ਸਾਦਗੀ ਵਾਲਾ ਅਤੇ ਆਤਮਕ ਸਖਸੀਅਤ ਹੈ (3) ਉਹ ਸਦੀਪਕ ਹੈ (4) ਸਮਝ ਤੋਂ ਪਰ੍ਹੇ (5) ਅਦਿਖ (6) ਅੱਟਲ (7) ਅਸੀਮ (8) ਸਰਬਸ਼ਕਤੀਮਾਨ (9) ਪੂਰਨ ਤੌਰ ਤੇ ਬੁੱਧੀਮਾਨ (10) ਧਰਮੀ (11) ਭਲਾ (12) ਪੂਰਨ ਭਲਾਈ ਦਾ ਵਗਣ ਵਾਲਾ ਭਰਪੂਰ ਚਸ਼ਮਾਂ ਹੈ।

1 ਰੋਮ 10:10
2 ਵਿਵ 6;4, 1ਕੁਰਿ 8:4:6 1 ਤਿਮੋ 2:5
3 ਯੂਹੰਨਾ 4:24
4 ਭਜਨ 90;2
5 ਰੋਮ 11:33
6 ਕੁਲੁ 1:15: 1 ਤਿਮੋ 6:16
7 ਯਾਕੂ 1:17
8 1 ਰਾਜ 8:27 : ਯਿਰ 23:24
9 ਉਤ 17:1: ਮਤੀ 19:26 : ਪਰ 1:8
10 ਰੋਮ 16:27 :
11 ਰੋਮ 3:25, 26 : ਰੋਮ 9:14 : ਪਰ 16:5, 7
12 ਮਤੀ 19:17
13 ਯਾਕੂ 1;17

## ਆਰਟੀਕਲ 2
## ਪ੍ਰਮੇਸ਼ਵਰ ਆਪਣੇ ਆਪ ਨੂੰ ਸਾਡੇ ਤੇ ਕਿਸ ਤਰ੍ਹਾ ਪ੍ਰਗਟ ਕਰਦਾ ਹੈ।

ਅਸੀਂ ਉਸਨੂੰ ਦੋ ਤਰੀਕਿਆ ਨਾਲ ਜਾਣਦੇ ਹਾਂ : ਪਹਿਲਾ ਹੈ, ਸਰਿਸ਼ਟੀ, ਸੰਭਾਲ ਅਤੇ ਸਾਰੇ ਬ੍ਰਹਿਮੰਡ ਉੱਤੇ ਉਸਦੇ ਇਖਤਿਆਰ ਦੁਆਰਾ ਜੋ ਕਿ ਇੱਕ ਸੱਭ ਤੋਂ ਸੁੰਦਰ ਪੁਸਤਕ ਦੀ ਤਰ੍ਹਾਂ ਸਾਡੇ ਸਾਹਮਣੇ ਹੈ (1) ਜਿਸ ਵਿੱਚਲੇ ਸਾਰੇ ਛੋਟੇ ਜਾਂ ਵੱਡੇ ਪ੍ਰਾਣੀ, ਬਹੁਤ ਸਾਰੇ ਅੱਖਰਾਂ ਦੀ ਤਰ੍ਹਾਂ ਹਨ ਜੋ ਪ੍ਰਮੇਸ਼ਵਰ ਦੀਆਂ ਅਦਿਖ ਵਸਤਾਂ ਨੂੰ ਸਾਫ ਤੌਰ ਤੇ ਸਮਝਣ ਵਿੱਚ ਸਾਡੀ ਅਗਵਾਈ ਕਰਦੇ ਹਨ ਭਾਵ ਉਸਦੀ ਅਬਦੀ ਸਮੱਰਥਾ ਅਤੇ ਈਸ਼ਰਤਾਈ, ਜਿਵੇਂ ਕਿ ਪੌਲੁਸ ਰਸੂਲ ਰੋਮੀਆਂ 1:20 ਦੇ ਬਚਨਾ ਵਿੱਚ ਆਖਦਾ ਹੈ। ਇਹ ਸਭ ਚੀਜ਼ਾ ਮਨੁੱਖਾਂ ਨੂੰ ਦੋਸ਼ੀ ਠਹਿਰਾਉਣ ਲਈ ਕਾਫੀ ਹਨ ਅਤੇ ਉਨ੍ਹਾਂ ਕੋਲ ਕੋਈ ਬਹਾਨਾ ਨਹੀਂ ਰਹਿ ਜਾਂਦਾ। ਦੂਸਰਾ ਉਹ ਆਪਣੀ ਪਵਿੱਤਰ ਅਤੇ ਰੱਬੀ ਬਾਣੀ ਰਾਹੀਂ ਆਪਣੇ ਆਪ ਨੂੰ ਸਾਡੇ ਉਤੇ ਹੋਰ ਜਿਆਦਾ ਸਪਸ਼ਟ ਅਤੇ ਸੰਪੂਰਨ ਤੌਰ ਤੇ ਜਾਹਰ ਕਰਦਾ ਹੈ (2) ਜਿੱਥੋਂ ਤੱਕ ਕਿ ਇਹ ਇਸ ਜੀਵਨ ਵਿੱਚ, ਉਸ ਦੀ ਮਹਿਮਾ ਅਤੇ ਸਾਡੀ ਮੁਕਤੀ ਵਾਸਤੇ ਜ਼ਰੂਰੀ ਹੈ।

1 ਭਜ 19:1-4
2 ਭਜ 19:7-8 ; 1 ਕੁਰੁ 1:18-21

## ਆਰਟੀਕਲ 3
## ਪ੍ਰਮੇਸ਼ਵਰ ਦੀ ਬਾਣੀ

ਅਸੀਂ ਇਹ ਇਕਰਾਰ ਕਰਦੇ ਹਾਂ ਕਿ ਪ੍ਰਮੇਸ਼ਵਰ ਦੀ ਬਾਣੀ ਮਨੁੱਖ ਦੀ ਆਪਣੀ ਪ੍ਰੇਰਨਾ ਨਾਲ ਨਹੀਂ ਆਈ ਪਰ ਪਵਿੱਤਰ ਆਤਮਾ ਤੋਂ ਪ੍ਰੇਰਨਾ ਪਾ ਕੇ ਮਨੁੱਖ ਪ੍ਰਮੇਸ਼ਵਰ ਵੱਲੋਂ ਬੋਲੇ ਸੀ, ਜਿਸ ਤਰ੍ਹਾਂ ਕਿ ਪਤਰਸ ਰਸੂਲ ਆਖਦਾ ਹੈ (2 ਪਤਰਸ 1:21) ਇਹ ਤੋਂ ਬਾਅਦ ਉਸ ਦੁਆਰਾ ਸਾਡੀ ਖਾਸ ਦੇਖ ਭਾਲ ਅਤੇ ਮੁਕਤੀ ਵਾਸਤੇ, ਪ੍ਰਮੇਸ਼ਵਰ ਨੇ ਆਪਣੇ ਸੇਵਕਾਂ ਨਬੀਆਂ ਅਤੇ ਰਸੂਲਾਂ, ਨੂੰ ਹੁਕਮ ਦਿੱਤਾ ਕਿ ਉਸਦੀ ਪ੍ਰਗਟ ਕੀਤੀ ਹੋਈ ਬਾਣੀ ਨੂੰ ਲਿਖਿਆ ਜਾਵੇ, (1) ਅਤੇ ਉਸਨੇ ਖੁਦ ਵਿਵਸਥਾ ਦੀਆਂ ਦੋ ਫੱਟੀਆਂ ਨੂੰ ਆਪਣੀਆਂ ਉਂਗਲਾਂ ਨਾਲ ਲਿਖਿਆ ਸੀ। (2) ਇਸੇ ਕਰਕੇ, ਅਸੀਂ ਇਨ੍ਹਾਂ ਲਿਖਤਾਂ ਨੂੰ ਪਵਿੱਤਰ ਅਤੇ ਈਸ਼ਵਰ ਬਾਣੀ ਦੀਆਂ ਲਿਖਤਾਂ ਆਖਦੇ ਹਾਂ ।(3)

1 ਕੂਚ 34:27; ਭਜ 102:18 ; ਪਰ 1:11,19.
2 ਕੂਚ 31:18
3 2 ਤਿਮੋ 3:16.

## ਆਰਟੀਕਲ 4
## ਪਵਿੱਤਰ ਪੁਸਤਕਾਂ

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਵਿੱਤਰ ਬਾਣੀ ਦੀਆਂ ਲਿਖਤਾਂ ਦੇ ਦੋ ਹਿੱਸੇ ਹਨ, ਜਿਹਨਾਂ ਨੂੰ ਪੁਰਾਣਾ ਨੇਮ ਅਤੇ ਨਵਾਂ ਨੇਮ ਆਖਿਆ ਜਾਂਦਾ ਹੈ। ਜੋ

ਕਿ ਈਸ਼ਵਰੀ ਮਿਆਰ ਉਤੇ ਅਧਾਰਿਤ ਹਨ ਅਤੇ ਜਿਨ੍ਹਾਂ ਦੇ ਵਿਰੁੱਧ ਕੋਈ ਬਿਆਨ ਨਹੀਂ ਦਿੱਤਾ ਜਾ ਸਕਦਾ। ਪ੍ਰਮੇਸ਼ਵਰ ਦੀ ਕਲੀਸੀਆਂ ਵਿੱਚ ਇਨ੍ਹਾਂ ਪੁਸਤਕਾਂ ਦੀ ਸੂਚੀ ਇਸ ਤਰ੍ਹਾਂ ਹੈ।

ਪੁਰਾਣੇ ਨੇਮ ਦੀਆਂ ਪੁਸਤਕਾਂ ਹਨ : ਉਤਪਤ, ਕੂਚ ਲੇਵੀਆਂ, ਗਿਣਤੀ, ਵਿਵਸਥਾਸਾਰ, ਯਹੋਸ਼ੂਆ, ਨਿਆਇਆਂ, ਰੂਥ, ਪਹਿਲਾ ਸਮੂਏਲ, ਦੂਜਾ ਸਮੂਏਲ, ਰਾਜਿਆਂ ਦੀ ਪਹਿਲੀ ਪੁਸਤਕ, ਰਾਜਿਆ ਦੀ ਦੂਜੀ ਪੁਸਤਕ, ਇਤਿਹਾਸ ਦੀ ਪਹਿਲੀ ਪੁਸਤਕ, ਇਤਿਹਾਸ ਦੀ ਦੂਜੀ ਪੁਸਤਕ, ਅਜ਼ਰਾ, ਨਹਮਯਾਹ, ਏਸਤਰ, ਅਯੂੱਬ, ਜਬੂਰਾ ਦੀ ਪੋਥੀ, ਕਹਾਉਤਾਂ, ਉਪਦੇਸ਼ਕ, ਸਰੇਸ਼ਟ ਗੀਤ, ਯਸ਼ਾਯਾਹ ਨਬੀ ਦੀ ਪੁਸਤਕ, ਯਿਰਮਿਯਾਹ ਨਬੀ ਦੀ ਪੁਸਤਕ, ਵਿਰਲਾਪ ਗੀਤ, ਹਿਜ਼ਕੀਏਲ ਨਬੀ ਦੀ ਪੁਸਤਕ, ਦਾਨੀਏਲ, ਹੋਸ਼ੇਆ, ਯੋਏਲ, ਆਮੋਸ, ਓਬਦਯਾਹ, ਯੋਨਾਹ, ਮੀਕਾਹ, ਨਹੂਮ, ਹੱਬਕੂਕ, ਸਫਨਯਾਹ, ਹੱਜਈ, ਜ਼ਕਰਯਾਹ, ਮਲਾਕੀ।

ਨਵਾਂ ਨੇਮ ਦੀਆਂ ਪੁਸਤਕਾਂ ਹਨ-- ਸੰਤ ਮੱਤੀ ਦੁਆਰਾ ਲਿਖਿਆ ਸ਼ੁਭ ਸਮਾਚਾਰ, ਸੰਤ ਮਰਕੁਸ ਦੁਆਰਾ ਲਿਖਿਆ ਸ਼ੁਭ ਸਮਾਚਾਰ, ਸੰਤ ਲੂਕਾ ਦੁਆਰਾ ਲਿਖਿਆ ਸ਼ੁਭ ਸਮਾਚਾਰ, ਸੰਤ ਯੂਹੰਨਾ ਦੁਆਰਾ ਲਿਖਿਆ ਸ਼ੁਭ ਸਮਾਚਾਰ, ਚੇਲਿਆਂ ਦੇ ਕਰੱਤਵ, ਸੰਤ ਪੌਲੁਸ ਦਾ ਰੋਮ ਦੀ ਵਿਸ਼ਵਾਸ ਸੰਗਤ ਨੂੰ ਪੱਤਰ, ਸੰਤ ਪੌਲੁਸ ਦਾ ਕੁਰਿੰਥੁਸ ਦੀ ਵਿਸ਼ਵਾਸ ਸੰਗਤ ਨੂੰ ਪਹਿਲਾ ਪੱਤਰ, ਸੰਤ ਪੌਲੁਸ ਦਾ ਕੁਰਿੰਥੁਸ ਦੀ ਵਿਸ਼ਵਾਸ ਸੰਗਤ ਨੂੰ ਦੂਜਾ ਪੱਤਰ, ਸੰਤ ਪੌਲੁਸ ਦਾ ਗਲਾਤੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ, ਸੰਤ ਪੌਲੁਸ ਦਾ ਅਫਸੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ, ਸੰਤ ਪੌਲੁਸ ਦਾ ਫਿਲਿੱਪੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ, ਸੰਤ ਪੌਲੁਸ ਦਾ ਕੁਲੁਸੀਆਂ ਦੀ ਵਿਸ਼ਵਾਸ ਸੰਗਤ ਨੂੰ ਪੱਤਰ, ਸੰਤ ਪੌਲੁਸ ਦਾ ਥੱਸਲੁਨੀਕੀਆਂ ਦੀ ਵਿਸ਼ਵਾਸ ਸੰਗਤ ਨੂੰ ਪਹਿਲਾ ਅਤੇ ਦੂਜਾ ਪੱਤਰ, ਸੰਤ ਪੌਲੁਸ ਦਾ ਤਿਮੋਥਿਉਸ ਨੂੰ ਪਹਿਲਾ ਅਤੇ ਦੂਸਰਾ ਪੱਤਰ, ਤੀਤੁਸ ਸੰਤ ਪੌਲੁਸ ਦਾ ਫਿਲੇਮੋਨ ਨੂੰ ਪੱਤਰ, ਇਬਰਾਨੀਆਂ ਨੂੰ ਪੱਤਰ, ਸੰਤ ਯਾਕੂਬ ਦਾ ਪੱਤਰ, ਸੰਤ ਪਤਰਸ ਦਾ ਪਹਿਲਾ ਪੱਤਰ, ਸੰਤ ਪਤਰਸ ਦਾ ਦੂਜਾ ਪੱਤਰ, ਸੰਤ ਯੂਹੰਨਾ ਦਾ ਪਹਿਲਾ ਪੱਤਰ, ਸੰਤ ਯੂਹੰਨਾ ਦਾ ਦੂਜਾ ਪੱਤਰ, ਸੰਤ ਯਹੂਦਾਹ ਦਾ ਤੀਜਾ ਪੱਤਰ , ਸੰਤ ਯੂਹੰਨਾ ਦਾ ਪੱਤਰ, ਸੰਤ ਯੂਹੰਨਾ ਉਤੇ ਪ੍ਰਗਟ ਕੀਤੇ ਪ੍ਰਕਾਸ਼ ਦੀ ਪੋਥੀ।

## ਆਰਟੀਕਲ 5
## ਬਾਈਬਲ ਦੀਆਂ ਪਵਿੱਤਰ ਲਿਖਤਾਂ ਦਾ ਇਖਤਿਆਰ

ਅਸੀਂ ਇਨ੍ਹਾਂ ਲਿਖਤਾਂ ਨੂੰ (1) ਅਤੇ ਸਿਰਫ ਇਨ੍ਹਾਂ ਹੀ ਲਿਖਤਾਂ ਨੂੰ, ਪਵਿੱਤਰ ਅਤੇ ਈਸ਼ਵਰੀ ਮਿਆਰ ਉਤੇ ਆਧਾਰਿਤ ਹੋਣ ਵਜੋਂ ਆਪਣੇ ਵਿਸ਼ਵਾਸ ਦੇ ਅਨੁਸ਼ਾਸਨ, ਬੁਨਿਆਦ, ਅਤੇ ਪੁਸ਼ਟੀ ਕਰਨ ਵਾਸਤੇ ਕਬੂਲ ਕਰਦੇ ਹਾਂ (2)



ਅਸੀਂ ਉਸ ਸੱਭ ਉਤੇ ਜੋ ਕੁੱਝ ਵੀ ਇੰਨ੍ਹਾਂ ਵਿੱਚ ਲਿਖਿਆ ਹੋਇਆ ਹੈ, ਬਿਨ੍ਹਾਂ ਕਿਸੀ ਸ਼ੱਕ ਦੇ ਵਿਸ਼ਵਾਸ ਕਰਦੇ ਹਾਂ, ਇਸ ਵਾਸਤੇ ਨਹੀਂ ਕਿ ਕਲੀਸਿਯਾ ਇਨ੍ਹਾਂ ਨੂੰ ਉਸੇ ਤਰ੍ਹਾਂ ਕਬੂਲ ਕਰਦੀ ਅਤੇ ਮਾਨਤਾ ਦਿੰਦੀ ਹੈ ਪਰ ਖਾਸ ਤੌਰ ਤੇ ਇਸ ਵਾਸਤੇ ਕਿ ਪਵਿੱਤਰ ਆਤਮਾ ਸਾਡੇ ਦਿਲਾਂ ਵਿੱਚ ਗਵਾਹੀ ਦਿੰਦਾ ਹੈ ਕਿ ਇਹ ਪ੍ਰਮੇਸ਼ਵਰ ਵੱਲੋਂ ਹਨ (3) ਅਤੇ ਇਸ ਕਰਕੇ ਵੀ ਕਿਉਂਕਿ ਇਹਨਾਂ ਵਿੱਚੋਂ ਆਪਣੀ ਗਵਾਹੀ ਆਪ ਪਾਈ ਜਾਂਦੀ ਹੈ ਕਿਉਂਕਿ ਅੰਨ੍ਹੇ ਵੀ ਸਮਝਦੇ ਹਨ ਕਿ ਜੋ ਗੱਲਾਂ ਪਹਿਲੇ ਹੀ ਇਹਨਾਂ ਵਿੱਚ ਦੱਸੀਆ ਗਈਆਂ ਸਨ, ਉਹ ਪੂਰੀਆਂ ਹੋ ਰਹੀਆਂ ਹਨ (4)

1   1 ਥਸ 2:13
2   2 ਤਿਮੋ 3:16-17
3   1 ਕੁਰਿ 12:3;1 ਯੂਹ 4:6, 1 ਯੂਹ 5:7
4   ਵਿਵ 18:21,22; 1 ਰਾਜ 22:28; ਯਿਰ 28:29; ਹਿਜ਼ 33:33

## ਆਰਟੀਕਲ 6
## ਈਸ਼ਵਰੀ ਮਿਆਰ ਉਤੇ ਆਧਾਰਿਤ ਅਤੇ ਆਧਾਰ ਰਹਿਤ ਪੁਸਤਕਾਂ ਵਿੱਚ ਫਰਕ

ਅਸੀਂ ਈਸ਼ਵਰੀ ਮਿਆਰ ਉਤੇ ਆਧਾਰਿਤ ਅਤੇ ਆਧਾਰ ਰਹਿਤ ਪੁਸਤਕਾਂ ਵਿੱਚ ਫਰਕ ਰੱਖਦੇ ਹਾਂ। ਬਿਨ੍ਹਾਂ ਈਸ਼ਵਰੀ ਆਧਾਰ ਵਾਲੀਆ ਪੁਸਤਕਾਂ ਦੇ ਨਾਂ ਇਸ ਤਰ੍ਹਾਂ ਹਨ 3 and 4 Esdras, Tobit, Judith, Wisdom, Ecclesiasticos, Baruch, additions to Esther, the Prayer, of Azariah and the Song of the Three Young Men in the Furnace, Susannah, Bel and the Dragon, the Prayer of Manasseh, and 1 and 2 Maccabees. ਜਿੱਥੋ ਤੱਕ ਇਹ ਪੁਸਤਕਾ ਈਸ਼ਵਰੀ ਮਿਆਰ ਉਤੇ ਆਧਾਰਿਤ ਪੁਸਤਕਾਂ ਨਾਲ ਮੇਲ ਖਾਂਦੀਆਂ ਹਨ, ਕਲੀਸੀਯਾਂ ਇਹਨਾਂ ਪੁਸਤਕਾਂ ਨੂੰ ਪੜ੍ਹ ਸਕਦੀ ਹੈ ਅਤੇ ਹਦਾਇਤ ਪ੍ਰਾਪਤ ਕਰ ਸਕਦੀ ਹੈ। ਪਰ ਫਿਰ ਵੀ ਇਹ ਅਜਿਹੀ ਸ਼ਕਤੀ ਜਾਂ ਅਧਿਕਾਰ ਤੋਂ ਬਹੁਤ ਦੂਰ ਹਨ ਕਿ ਅਸੀਂ ਇਨ੍ਹਾਂ ਦੀ ਗਵਾਹੀ ਨਾਲ ਵਿਸ਼ਵਾਸ ਜਾ ਵਸੀਹੀ ਧਰਮ ਦੀ ਪੁਸ਼ਟ. ਕਰ ਸਕੀਏ, ਇਸ ਤੋਂ ਬਹੁਤ ਹੀ ਘੱਟ ਇਹਨਾਂ ਦੀ ਵਰਤੋਂ ਵਰਤੋਂ ਪਵਿੱਤਰ ਲਿਖਤਾਂ ਦੇ ਇਖਤਿਆਰ ਤੋਂ ਪਰ੍ਹੇ ਹੋਣ ਲਈ ਕੀਤੀ ਜਾ ਸਕਦੀ ਹੈ।

# ਆਰਟੀਕਲ 7
# ਪਵਿੱਤਰ ਬਾਈਬਲ ਦੀਆਂ ਲਿਖਤਾਂ ਦੀ ਉਚਿਤਤਾਂ

ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਇਹਨਾਂ ਪਵਿੱਤਰ ਬਾਣੀ ਦੀਆਂ ਲਿਖਤਾਂ ਵਿੱਚ ਪ੍ਰਮੇਸ਼ਵਰ ਦੀ ਇੱਛਾ ਪੂਰਨ ਤੌਰ ਤੇ ਸ਼ਾਮਲ ਹੈ ਅਤੇ ਇਹ ਵੀ ਕਿ ਮਨੁੱਖ ਦੇ ਬਚਾਏ ਜਾਣ ਲਈ ਜੋ ਵਿਸ਼ਵਾਸ ਕਰਨਾ ਜਰੂਰੀ ਹੈ ਉਹ ਉਚਿਤ ਤੌਰ ਤੇ ਇਸ ਵਿੱਚ ਲਿਖਿਆ ਗਿਆ ਹੈ। (1) ਬੰਦਗੀ ਦੀ ਪੂਰਨ ਵਿਧੀ, ਜੋ ਪ੍ਰਮੇਸ਼ਵਰ ਸਾਡੇ ਕੋਲੋਂ ਚਾਹੁੰਦਾ ਹੈ ਉਹ ਸਭ ਵਿਸਤਾਰ ਨਾਲ ਇਸ ਵਿੱਚ ਲਿਖਿਆ ਹੋਇਆ ਹੈ। ਇਸ ਲਈ ਇਹ ਸਾਰਿਆ ਲਈ ਇੱਥੋ ਤੱਕ ਕਿ ਕਿਸੇ ਰਸੂਲਾਂ ਲਈ ਵੀ ਬਿਵਸਥਾ ਦੇ ਉਲਟ ਹੀ ਹੈ ਕਿ ਜੋ ਕੁੱਝ ਹੁੱਣ ਸਾਨੂੰ ਪਵਿੱਤਰ ਬਾਈਬਲ ਦੀਆ ਲਿਖਤਾ ਵਿੱਚ ਸਿਖਾਇਆ ਗਿਆ ਹੈ, ਜੇ ਉਹ ਇਸ ਤੋਂ ਉਲਟ ਕੁੱਝ ਹੋਰ ਸਿਖਾਵੇ (2) ਜੀ ਹਾਂ ਭਾਵੇ, ਉਹ ਸਵਰਗੋਂ ਆਇਆ ਕੋਈ ਫਰਿਸ਼ਤਾ ਹੀ ਕਿਉਂ ਨਾ ਹੋਵੇ, ਜਿਸ ਤਰ੍ਹਾਂ ਕਿ ਪੌਲੁਸ ਰਸੂਲ ਗਲਾਤੀਆਂ 1:8 ਵਿੱਚ ਆਖਦਾ ਹੈ। ਕਿਉਂਕਿ ਪ੍ਰਮੇਸ਼ਵਰ ਦੀ ਪਵਿੱਤਰ ਬਾਣੀ ਵਿੱਚ ਕੁੱਝ ਜੋੜਨ ਜਾਂ ਇਸ ਵਿੱਚੋਂ ਕੁੱਝ ਘਟਾਉਣ ਦੀ ਮਨਾਹੀ ਕੀਤੀ ਗਈ ਹੈ। (ਵਿਵਸਥਾਸਾਰ 12:32), (3) ਇਸ ਤੋਂ ਇਹ ਸਾਫ ਜਾਹਿਰ ਹੈ ਕਿ ਇਸਦੀ ਸਿੱਖਿਆ ਹਰ ਤਰ੍ਹਾਂ ਨਾਲ ਬਿਲਕੁੱਲ ਸੰਪੂਰਨ ਅਤੇ ਮੁਕੰਮਲ ਹੈ (4)ਅਸੀਂ ਮਨੁੱਖਾਂ ਦੀ ਕਿਸੇ ਵੀ ਲਿਖਤ ਨੂੰ ਭਾਵੇਂ ਉਹ ਕਿੰਨੇ ਵੀ ਪਵਿੱਤਰ ਮਨੁੱਖ ਕਿਉਂ ਨਾ ਹੋਣ , ਇਹਨਾਂ ਈਸ਼ਵਰੀ ਲਿਖਤ ਦੇ ਤੁਲ ਮਹੱਤਵਪੂਰਨ ਨਹੀਂ ਸਮਝ ਸਕਦੇ, ਨਾ ਹੀ ਅਸੀਂ ਕਿਸੇ ਰਸਮ ਰਿਵਾਜ ਜਾਂ, ਬਹੁਤ ਵੱਡੀ ਭੀੜ ਜਾਂ ਪ੍ਰਾਚੀਨ ਘਟਨਾਵਾਂ, ਵਿਅਕਤੀਆਂ, ਸਭਾਵਾਂ, ਹੁਕਮਾਂ ਜਾਂ ਕਾਨੂੰਨਾਂ ਨੂੰ ਪ੍ਰਮੇਸ਼ਵਰ ਦੀ ਸੱਚਾਈ ਦੇ ਤੁੱਲ ਮਹੱਤਤਾ ਦਿੰਦੇ ਹਾ। ਕਿਉਂਕਿ ਸਚਾਈ ਹੀ ਸਭ ਤੋਂ ਵੱਡੀ ਹੈ ; (5) ਕਿਉਂਕ ਸਾਰੇ ਮਨੁੱਖ ਆਪਣੇ ਆਪ ਵਿੱਚ ਝੂਠੇ ਹਨ, ਸਾਹ ਤੋਂ ਵੀ ਹਲਕੇ ਹਨ ।( ਭਜਨ 62:9)। ਇਸ ਕਰਕੇ, ਅਸੀਂ ਆਪਣੇ ਸੰਪੂਰਨ ਦਿਲ ਨਾਲ ਉਸ ਸਭ ਤੋਂ ਇਨਕਾਰ ਕਰਦੇ ਹਾਂ ਜੋ ਇਸ ਅਟੱਲ ਨਿਯਮ ਨਾਲ ਮੇਲ ਨਹੀਂ ਖਾਂਦਾ। (6) ਜੋ ਕਿ ਰਸੂਲਾਂ ਨੇ ਸਾਨੂੰ ਸਿਖਾਇਆ ਹੈ : ਆਤਮਿਆਂ ਨੂੰ ਪਰਖੋ ਕੀ ਉਹ ਪ੍ਰਮੇਸ਼ਵਰ ਦੀ ਵੱਲੋਂ ਹਨ (1 ਯੂਹੰਨਾ 4:1)। ਇਸ ਤਰ੍ਹਾਂ ਜੇ ਕਰ ਕੋਈ ਤੁਹਾਡੇ ਕੋਲ ਆਵੇ, ਪਰ ਇਹ ਸਿਖਿਆ ਨਾ ਲਿਆਵੇ ਤਾਂ ਉਸਨੂੰ ਘਰ ਵਿੱਚ ਨਾਂ ਉਤਾਰੋ ਨਾ ਉਸ ਦੀ ਸੁੱਖ ਮਨਾਉ (2 ਯੂਹੰਨਾ 1:10)।

1 2 ਤਿਮੋ 3:16, 17;1 ਪਤ 1:10-12
2 1 ਕੁਰਿ 15:2 ; 1 ਤਿਮੋ 1:3,
3 ਵਿਵ 4:2 ; ਕਹਾ 30:6; ਕਰ 26:22; 1 ਕੁਰਿ 4:6; ਪਰ 22:18, 19
4 ਭਜ 19:7 ; ਯੂਹ 15:15; ਕਰ 18:28; ਕਰ 20:27; ਰੋਮ 15:4
5 ਮਰ 7;7-9; ਕਰ 4:19; ਕੁਲੁ 2:8; 1 ਯੂਹ 2:19



6 ਵਿਵ 4:5, 6; ਯਸਾ 8:20; 1 ਕੁਰਿ 3:11; ਅਫ 4;4-6; 2 ਥਸ 2:2; 2 ਤਿਮੋ 3:14, 15

# ਆਰਟੀਕਲ 8
# ਪ੍ਰਮੇਸ਼ਵਰ ਮੁੱਖ ਤੌਰ ਤੇ ਇੱਕ ਹੈ, ਫਿਰ ਵੀ ਉਹ ਭਿੰਨ ਭਿੰਨ ਸ਼ਖਸ਼ੀਅਤਾ ਵਿੱਚ ਪਾਇਆ ਜਾਂਦਾ ਹੈ

ਇਯ ਸੱਚਾਈ ਅਤੇ ਪਵਿੱਤਰ ਬਾਣੀ ਦੇ ਅਨੁਸਾਰ ਅਸੀਂ ਸਿਰਫ ਇਕ ਪ੍ਰਮੇਸ਼ਵਰ (1) ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਕਿ ਮੁੱਖ ਤੋਰ ਤੇ ਇੱਕ ਹੀ ਹੈ। ਪਰ ਉਸ ਦੀਆਂ ਤਿੰਨ ਸਖਸ਼ੀਅਤਾਂ ਹਨ, ਜੋ ਆਪਣੀਆਂ ਬਿਆਨ ਨਾ ਕਰ ਸਕਣ ਵਾਲੀ ਖ਼ੂਬੀਆਂ ਦੇ ਅਨੁਸਾਰ ਅਸਲੀ ਤੇ ਸੱਚੇ ਅਤੇ ਅਬਦੀ ਤੌਰ ਤੇ ਅਲੱਗ ਹਨ, ਅਰਥਾਤ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ (2) ਪਿਤਾ, ਦੇਖਣ ਵਿਚ ਆਉਣ ਵਾਲੀਆਂ ਅਤੇ ਅਦਿਖ, ਸਾਰੀਆਂ ਵਸਤਾਂ ਦਾ ਕਾਰਣ, ਬੁਨਿਆਦ ਅਤੇ ਅਰੰਭ ਹੈ। (3) ਪੁੱਤਰ, ਪਿਤਾ ਦੀ ਬਾਣੀ, ਬੁੱਧ ਅਤੇ ਸਰੂਪ ਹੈ।(4) ਪਵਿੱਤਰ ਆਤਮਾ ਅਬਦੀ ਸਮਰੱਥਾ ਅਤੇ ਸ਼ਕਤੀ ਹੈ ਜੋ ਪਿਤਾ ਅਤੇ ਪੁੱਤਰ ਤੋਂ ਨਿੱਕਲਦੀ ਹੈ।(5) ਫਿਰ ਵੀ, ਪਰਮੇਸ਼ਰ ਇਸ ਭਿੰਨਤਾ ਕਰਕੇ ਤਿੰਨ ਹਿੱਸਿਆਂ ਵਿੱਚ ਨਹੀ ਵੰਡਿਆ ਗਿਆ ਹੈ, ਕਿਉਕਿ ਪਵਿੱਤਰ ਬਾਣੀ ਸਾਨੂੰ ਸਿਖਾਉਂਦੀ ਹੈ ਕਿ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਆਪਣੀ ਨਿੱਜੀ ਹੋਂਦ ਵਿੱਚ ਹਨ ਜੋ ਕਿ ਆਪਣੀ ਆਪਣੀ ਖ਼ੂਬੀਆਂ ਕਰਕੇ ਭਿੰਨ ਹਨ, ਪਰ ਫਿਰ ਵੀ ਇਸ ਤਰੀਕੇ ਨਾਲ ਕਿ ਇਹ ਤਿੰਨ ਸਖਸ਼ੀਅਤਾਂ ਸਿਰਫ ਇੱਕ ਪਰਮੇਸਰ ਹੀ ਹਨ।ਇਸ ਤਰਾਂ ਇਹ ਸਾਫ ਜਾਹਰ ਹੈ ਕਿ ਨਾ ਤਾਂ ਪਿਤਾ ਪੁੱਤਰ ਹੈ, ਅਤੇ ਨਾ ਹੀ ਪੁੱਤਰ ਪਿਤਾ, ਇਸੇ ਤਰ੍ਹਾਂ ਪਵਿਰ ਆਤਮਾ ਨਾ ਹੀ ਪਿਤਾ ਹੈ ਅਤੇ ਨਾ ਹੀ ਪੁੱਤਰ। ਫਿਰ ਵੀ ਇਹ ਸਖਸ਼ੀਅਤਾਂ ਇਸ ਤਰ੍ਹਾਂ ਭਿੰਨ ਹੋ ਕੇ ਵੀ ਵੰਡੀਆਂ ਨਹੀਂ ਹੋਈਆਂ ਹਨ ਫਿਰ ਵੀ ਨਾ ਤਾਂ ਇਨ੍ਹਾਂ ਦੇ ਹਿੱਸੇ ਕੀਤੇ ਗਏ ਹਨ ਅਤੇ ਨਾ ਹੀ ਇਨਾਂ ਨੂੰ ਆਪਸ ਵਿੱਚੀ ਮਿਲਾਈਆ ਗਿਆ ਹੈ, ਕਿਉਕਿ ਪਿਤਾ ਨੇ ਸਾਡਾ ਸਰੀਰ ਅਤੇ ਲਹੂ ਧਾਰਨ ਨਹੀਂ ਕੀਤਾ ਸੀ ਅਤੇ ਨਾ ਹੀ ਪਵਿੱਤਰ ਆਤਮਾ ਨੇ, ਪਰ ਸਿਰਫ ਪੁੱਤਰ ਨੇ। ਪਿਤਾ ਕਦੀ ਵੀ ਪੁੱਤਰ ਤੋ ਬਿਨਾ ਨਹੀ ਰਿਹਾ,(6) ਨਾ ਹੀ ਉਸਦੇ ਪਵਿੱਤਰ ਆਤਮਾ ਤੋਂ । ਕਿਉਕਿ ਇਹ ਤਿੰਨੋ ਮੁੱਖ ਤੌਰ ਤੇ ਇੱਕ ਹੀ ਹੁੰਦੇ ਹੋਏ ਸਦਾਕਲ ਤੋਂ ਬਰਾਬਰ ਹਨ। ਇੰਨ੍ਹਾਂ ਵਿੱਚ ਨਾ ਕੋਈ ਪਹਿਲਾ ਹੈ ਅਤੇ ਨਾ ਹੀ ਆਖਰੀ, ਕਿਉਕਿ ਇਹ ਤਿੰਨ ਹੀ ਸਚਾਈ, ਸਕਤੀ, ਭਲਿਆਈ ਅਤੇ ਰਹਿਮ ਵਿੱਚ ਇੱਕ ਹਨ।

1 1ਕੁਰਿ 8:4-6
2 ਮਤੀ 3:16,17,ਮਤੀ 28:19
3 ਅੱਛ 3:14,15

4 ਕਹਾ 8:22-31, ਯਹੂ 5:17-26,1 ਕੁਰਿ 1:24, ਕੁਲੁ 1:15-20, ਇਬ 1:3,ਪਰ 19:13
5 ਯਹੂ 15:26
6 ਮੀਕਾ 5:2, ਯਹੂ 1:1,2

## ਅਰਟਿਕਲ 9
## ਇਸ ਸਿੱਖਿਆ ਦਾ ਸਬੂਤ ਬਾਈਬਲ ਬਾਣੀ ਦੀ ਲਿਖਤ ਹੈ।

ਇਹ ਸਭ ਕੁੱਝ ਅਸੀਂ ਪਵਿੱਤਰ ਬਾਈਬਲ ਦੀਆਂ ਗਵਾਹੀਆਂ ਤੋਂ ਅਤੇ ਇਹਨਾਂ ਤਿੰਨਾਂ ਸਖਸ਼ੀਅਤਾਂ ਦੇ ਨਿੱਜੀ ਕੰਮਾਂ ਤੋਂ ਜਾਣਦੇ ਹਾਂ ਅਤੇ ਖਾਸ ਕਰਕੇ ਉਨਾਂ ਕੰਮਾਂ ਤੋਂ ਜੋ ਅਸੀਂ ਆਪਣੇ ਵਿੱਚ ਵੇਖਦੇ ਹਾਂ। ਪਵਿੱਤਰ ਬਾਈਬਲ ਦੀਆਂ ਸਾਖੀਆਂ ਜੋ ਇਸ ਪਵਿੱਤਰ ਤ੍ਰਿਏਤਤਵ ਵਿੱਚ ਵਿਸ਼ਵਾਸ ਕਰਨ ਵਿੱਚ ਸਾਡੀ ਅਗਵਾਈ ਕਰਦੀਆ ਹਨ ਉਹ ਪੁਰਾਨੇ ਨੇਮ ਵਿੱਚ ਕਈ ਥਾਂ ਲਿਖੀਆਂ ਗਈਆਂ ਹਨ। ਇਨ੍ਹਾਂ ਸਾਰਿਆਂ ਦਾ ਜਿਕਰ ਕਰਨ ਦੀ ਜ਼ਰੂਰਤ ਨਹੀ ਹੈ, ਉਹਨਾਂ ਵਿੱਚੋ ਕੁੱਝ ਦੀ ਸੂਝਬੂਝ ਨਾਲ ਚੋਣ ਕਰਨਾ ਹੀ ਕਾਫੀ ਹੈ।ਉਤਪਤ ਦੀ ਪੋਥੀ ਵਿੱਚ ਪਰਮੇਸ਼ਰ ਆਖਦਾ ਹੈ ਅਸੀ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ, ਆਪਣੀ ਸੂਰਤ ਅਤੇ ਆਪਣੇ ਰੂਪ ਦੀ ਤਰ੍ਹਾਂ ਬਣਾਈਏ......... ਸੋ ਪਰਮੇਸ਼ਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ (ਉਤਪਤ 1:26-27)।ਵੇਖੋ ਮਨੁੱਖ ਸਾਡੇ ਵਿੱਚੋਂ ਇੱਕ ਵਰਗਾ ਹੋ ਗਿਆ ( ਉਤਪਤ 3:22)। ਪਰਮੇਸ਼ਰ ਦੇ ਇਸ ਤਰ੍ਹਾਂ ਕਹਿਣ ਨਾਲ, ਕਿ ਆਓ ਅਸੀਂ ਮਨੁੱਖ ਨੂੰ ਆਪਣੀ ਸੂਰਤ ਤੇ ਬਣਾਈਏ ਇਹ ਪਰਗਟ ਹੁੰਦਾ ਹੈ ਕਿ ਦੈਵੀ ਸਖਸ਼ੀਅਤਾਂ ਇਕ ਤੋਂ ਵੱਧ ਹਨ,ਪਰ ਜਿਸ ਵੇਲੇ ਉਹ ਇਹ ਕਹਿੰਦਾ ਹੈ ਕਿ ਪਰਮੇਸ਼ਰ ਨੇ ਪੈਦਾ ਕੀਤਾ, ਤਾਂ ਇਹ ਇਸ਼ਾਰਾ ਕਰਦਾ ਹੈ ਕਿ ਪਰਮੇਸ਼ਰ ਇੱਕ ਹੈ। ਇਹ ਸੱਚ ਹੈ ਉਹ ਇਹ ਨਹੀਂ ਕਹਿੰਦਾ ਕਿ ਕਿੰਨੀਆਂ ਸਖਸ਼ੀਅਤਾਂ ਹਨ, ਪਰ ਜੋ ਕੁਝ ਪੁਰਾਨੇ ਨੇਮ ਵਿੱਚ ਧੁੰਦਲਾ ਦਿਖਾਈ ਦਿੰਦਾ ਹੈ ਉਹ ਨਵੇ ਨੇਮ ਵਿੱਚ ਬਿਲਕੁਲ ਸਾਫ ਦਿਖਾਈ ਦਿੰਦਾ ਹੈ। ਕਿਉਂਕਿ ਜਿਸ ਵੇਲੇ ਸਾਡੇ ਪ੍ਰਭੂ ਯਿਸੂ ਮਸੀਹ ਜੀ ਨੂੰ ਯਰਦਨ ਨਦੀ ਵਿੱਚ ਬਪਤਿਸਮਾ ਦਿੱਤਾ ਗਿਆ ਸੀ ਤਾਂ ਪਿਤਾ ਦੀ ਅਵਾਜ਼ ਸੁਣੀ ਗਈ ਸੀ, ਜਿਸ ਨੇ ਕਿਹਾ ਸੀ, ਇਹ ਮੇਰਾ ਪਿਆਰਾ ਪੁੱਤਰ ਹੈ (ਮੱਤੀ 3:17), ਪੁੱਤਰ ਨੂੰ ਪਾਣੀ ਵਿੱਚ ਦੇਖਿਆ ਗਿਆ ਸੀ, ਅਤੇ ਪਵਿੱਤਰ ਆਤਮਾ ਸਰੀਰਕ ਰੂਪ ਵਿੱਚ ਕਬੂਤਰ (2) ਦੀ ਤਰ੍ਹਾਂ ਉਸ ਉੱਤੇ ਉਤੱਰਿਆ ਸੀ। ਸਾਰੇ ਵਿਸ਼ਵਾਸ ਕਰਨ ਵਾਲਿਆ ਦੇ ਬਪਤਿਸਮਾ ਵਾਸਤੇ, ਮਸੀਹ ਨੇ ਇਸੇ ਹੀ ਵਿਧੀ ਦਾ ਹੁਕਮ ਦਿੱਤਾ ਹੈ: ਸਭ ਕੌਮਾਂ ਵਿੱਚ ਜਾ ਕੇ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਉਂ (ਮੱਤੀ 28:19)। ਲੂਕਾ ਦੀ ਇੰਜੀਲ ਦੇ ਅਨੁਸਾਰ ਜਿਬਰਾਏਲ ਫਰਿਸ਼ਤੇ ਨੇ, ਸਾਡੇ ਮਸੀਹ ਯਿਸੂ ਦੀ ਮਾਤਾ ਨੂੰ ਇਸ ਤਰ੍ਹਾਂ ਸੰਬੋਧਨ



ਕੀਤਾ ਸੀ: ਪਵਿੱਤਰ ਆਤਮਾ ਤੇਰੇ ਉੱਪਰ ਆਵੇਗਾ ਅਤੇ ਪਰਮੇਸ਼ਰ ਦੀ ਸਕਤੀ ਤੇਰੇ ਉੱਤੇ ਛਾਇਆ ਕਰੇਗੀ। ਇਸ ਕਰਕੇ, ਉਹ ਪਵਿੱਤਰ, ਪਰਮੇਸ਼ਰ ਦਾ ਪੁੱਤਰ ਅਖਵਾਵੇਗਾ(ਲੂਕਾ 1:35)। ਇਸੇ ਤਰ੍ਹਾਂ ਪੜ੍ਹੋ 2 ਕੁਰਿੰਥੁੰਸ 13:14: ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ਰ ਦਾ ਪਿਆਰ ਅਤੇ ਪਵਿੱਤਰ ਆਤਮਾ ਦੀ ਸੰਗਤ, ਤੁਹਾਡੇ ਸਭ ਦੇ ਨਾਲ ਰਹੇ। ਇਹਨਾ ਸਭ ਬਚਨਾਂ ਵਿੱਚ ਸਾਨੂੰ ਸਿਖਾਇਆ ਗਿਆ ਹੈ ਕਿ ਇਹ ਤਿੰਨ ਸਖਸ਼ੀਅਤਾਂ ਮੁੱਖ ਤੌਰ ਤੇ ਸਿਰਫ ਇੱਕ ਪਰਮੇਸ਼ਰ ਹੀ ਹਨ।

ਚਾਹੇ ਇਹ ਸਿੱਖਿਆ ਮਨੁੱਖ ਦੀ ਸਮਝ ਤੋ ਬਹੁਤ ਪਰ੍ਹੇ ਹੈ, ਫਿਰ ਵੀ ਇਸ ਜੀਵਨ ਵਿੱਚ ਪਰਮੇਸ਼ਰ ਦੀ ਪਵਿੱਤਰ ਬਾਣੀ ਦੇ ਅਧਾਰ ਉੱਤੇ ਅਸੀਂ ਇਸ ਗੱਲ ਉੱਤੇ ਵਿਸ਼ਵਾਸ਼ ਰੱਖਦੇ ਹਾਂ ਅਤੇ ਉਮੀਦ ਰੱਖਦੇ ਹਾਂ ਕਿ ਅਸੀਂ ਇਸ ਦੇ ਪੂਰਨ ਗਿਆਨ ਅਤੇ ਫਲ ਦਾ ਆਨੰਦ ਸਵਰਗ ਵਿੱਚ ਮਾਣਾਗੇ।

ਨਾਲੇ ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਜੋ ਇਹ ਤਿੰਨ ਭਿੰਨ ਭਿੰਨ ਸਖਸ਼ੀਅਤਾਂ ਦੇ ਸਾਡੇ ਵੱਲ ਕਾਰਜ ਅਤੇ ਉਪਾਧੀਆਂ ਹਨ। ਪਿਤਾ ਨੂੰ ਉਸ ਸਮਰੱਥਾ ਕਰਕੇ ਸਾਡਾ ਰਚਨਹਾਰ ਆਖਿਆ ਜਾਂਦਾ ਹੈ, ਪੁੱਤਰ ਸਾਡਾ ਮੁਕਤੀ ਦਾਤਾ ਹੈ ਅਤੇ ਆਪਣੇ ਖ਼ੂਨ ਦੇ ਦੁਆਰਾ ਸਾਨੂੰ ਛਡਾਉਣ ਵਾਲਾ ਹੈ, ਪਵਿੱਤਰ ਆਤਮਾ ਸਾਡੇ ਦਿਲਾਂ ਵਿੱਚ ਵਸਣ ਵਾਲਾ ਹੋਣ ਕਰਕੇ ਸਾਨੂੰ ਪਵਿੱਤਰ ਕਰਨ ਵਾਲਾ ਹੈ। ਇਸ ਪਵਿੱਤਰ ਤ੍ਰਿਏਕਤਵ ਦੀ ਸਿਖਿਆਂ ਰਸੂਲਾਂ ਦੇ ਸੱਮੇ ਤੋਂ ਲੈ ਕੇ ਅੱਜ ਤੱਕ ਸੱਚੀ ਕਲੀਸੀਆਂ ਵਿੱਚ ਸਦਾ ਕਾਇਮ ਰੱਖੀ ਗਈ ਹੈ ਅਤੇ ਸੰਭਾਲੀ ਗਈ ਹੈ, ਭਾਵੇ ਯਹੂਦੀ, ਮੁਸਲਮਾਨ, ਅਤੇ ਜੋ ਝੂਠੀ ਮਸੀਹੀਆਂ ਅਤੇ ਝੂਠੀ ਸਿੱਖਿਆਂ ਦੇ ਪ੍ਰਚਾਰਕਾਂ ਜਿਸ ਤਰ੍ਹਾਂ ਕਿ Marcion Mani , Praxeas, Paul of somosata, Arius, ਨੇ ਇਸ ਦੇ ਉਲਟ ਸਿੱਖਿਆ ਦਿੱਤੀ ਸੀ, ਜਿਸ ਦੀ ਰੂੜੀਵਾਦੀ ਕਲੀਸੀਅਈ ਪਿੱਤਰਾਂ ਨੇ ਢੁੱਕਵੀਂ ਵਿਰੋਧਤਾ ਕੀਤੀ ਸੀ। ਇਸ ਸਿਖਿਆ ਨਾਲ ਸੰਬਧਿਤ ਅਸੀ ਸਵੈ ਇੱਛਾ ਨਾਲ ਤਿੰਨਾਂ ਵਿਸ਼ਵਾਸ਼ ਵਿਆਖਿਆਵਾ ਨੂੰ ਕਬੂਲ ਕਰਦੇ ਹਾਂ, Nicea, ਅਤੇ Athanasius ਭਾਵ ਰਸੂਲਾਂ, ਨੀਸੀਆਂ ਅਤੇ ਅਥਾਨੇਸੀਅਸ ਦੀਆ ਵਿਸ਼ਵਾਸ਼ ਘੋਸ਼ਣਾਵਾ ਨੂੰ, ਠੀਕ ਉੱਸੇ ਤਰ੍ਹਾਂ ਜਿਸ ਤਰ੍ਹਾਂ ਸਾਡੇ ਪੁਰਾਣੇ ਬਜ਼ੁਰਗਾ ਨੇ ਵੀ ਆਪਣੀ ਸਵੈ ਇੱਛਾ ਨਾਲ ਆਪਣੀ ਸਹਿਮਤੀ ਪਰਗਟ ਕੀਤੀ ਸੀ।

1 ਯੂਹ 14:16, ਯੂਹ15:26, ਕਰ2:32,33, ਰੋਮ 8:9, ਗਲ 4:6, ਤੀਤੁ 3:4-6, 1 ਪਤ 1:2 1 ਯੂਹ 4:13,14, 1ਯੂਹ 5:1-12, ਯੂਹ 20,21, ਪਰ 1:4.5
2 ਮੱਤੀ 3:16

## ਅਰਟਿਕਲ 10
## ਯਿਸੂ ਮਸੀਹ ਸੱਚਾ ਅਤੇ ਅਦਬੀ ਪਰਮੇਸ਼ਰ ਹੈ।

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਮਸੀਹ ਆਪਣੇ ਈਸੁਰੀ ਸੁਭਾਓ ਅਨੁਸਾਰ ਪਰਮੇਸ਼ਰ ਦਾ ਇਕਲੌਤਾ ਪੁੱਤਰ ਜੋ ਅਨੰਤ ਕਲ ਤੋਂ ਹੈ, ਅਤੇ ਨਾ ਬਣਾਇਆ ਗਿਆ, ਅਤੇ ਨਾ ਹੀ ਰਚਿਆ ਗਿਆ ਸੀ -- ਕਿਉਕਿ ਫਿਰ ਤਾਂ ਉਹ ਇੱਕ ਰਚਿਆ ਗਿਆ ਪ੍ਰਣੀ ਹੀ ਹੁੰਦਾ -- ਪਰ ਉਹ ਤਾਂ ਪਿਤਾ ਵਾਲੇ ਤੱਤ ਦਾ ਹੀ ਅਤੇ, ਉਸੇ ਦੇ ਸਮਾਨ ਅਬਦੀ ਹੈ, ਜੋ ਪਰਮੇਸ਼ਰ ਦੀ ਮਹਿਮਾ ਦੇ ਤੇਜ਼ ਦਾ ਪਰਗਟਵਾ ਅਤੇ ਉਸ ਦੇ ਪੂਰਨ ਸੁਭਾਉ ਦਾ ਇਖਤਿਆਰ ਰੱਖਦਾ ਹੈ। (ਇਬਰਾਨੀਆਂ 1:3), ਅਤੇ ਸਭ ਗੱਲਾਂ ਵਿੱਚ ਉਸ ਦੇ ਬਰਾਬਰ ਹੈ। ਉਹ ਪਰਮੇਸ਼ਰ ਦਾ ਪੁੱਤਰ ਸਿਰਫ ਉਸ ਦੇ ਸਾਡਾ ਸੁਭਾਓ ਧਾਰਨ ਕਰਨ ਦੇ ਸਮੇ ਤੋਂ ਹੀ ਨਹੀਂ ਪਰ ਅਨੰਤਕਾਲ ਤੋਂ ਹੀ ਹੈ। (3), ਜਿਸ ਤਰ੍ਹਾਂ ਕਿ ਇਹ ਸੱਭ ਗਵਾਹੀਆਂ, ਇਨ੍ਹਾਂ ਦੀ ਇੱਕ ਦੂਸਰੇ ਨਾਲ ਤੁਲਨਾ ਕਰਨ ਤੋਂ ਸਾਨੂੰ ਸਿਖਾਉਂਦੀਆਂ ਹਨ: ਮੂਸਾ ਅਖਦਾ ਹੈ ਕਿ ਪਰਮੇਸ਼ਰ ਨੇ ਇਸ ਜਗਤ ਦੀ ਰਚਨਾ ਕੀਤੀ, (4) ਯੂਹੰਨਾ ਰਸੂਲ ਕਹਿਦਾ ਹੈ ਕਿ ਸਾਰੀਆਂ ਵਸਤਾਂ ਸ਼ਬਦ ਦੇ ਰਾਹੀਂ ਬਣਾਈਆਂ ਗਈਆਂ ਸਨ, ਜਿਸ ਨੂੰ ਉਹ ਪਰਮੇਸ਼ਰ ਕਹਿੰਦਾ ਹੈ। (5) ਇਬਰਾਨੀਆਂ ਦੀ ਪੱਤ੍ਰੀ ਆਖਦੀ ਹੈ ਕਿ ਪਰਮੇਸ਼ਰ ਨੇ ਆਪਣੇ ਪੁੱਤਰ ਰਾਹੀਂ ਜਗਤ ਦੀ ਰਚਨਾ ਕੀਤੀ, (6) ਇਸੇ ਤਰ੍ਹਾਂ ਪੌਲੁਸ ਰਸੂਲ ਕਹਿੰਦਾ ਹੈ ਕਿ ਪਰਮੇਸ਼ਰ ਨੇ ਮਸੀਹ ਯਿਸੂ ਦੇ ਰਾਹੀਂ ਸਭ ਚੀਜ਼ਾਂ ਨੂੰ ਬਣਾਇਆ (7) ਇਸ ਲਈ ਇਸ ਦਾ ਇਹ ਨਤੀਜਾ ਨਿਕੱਲਦਾ ਹੈ ਕਿ ਜਿਸ ਨੂੰ ਪਰਮੇਸ਼ਰ, ਸਬਦ , ਪੁੱਤਰ, ਅਤੇ ਮਸੀਹ ਯਿਸੂ ਆਖਿਆ ਗਿਆ ਹੈ ਉਸ ਸਮੇਂ ਉਹ ਮੌਜੂਦ ਸੀ ਜਿਸ ਵੇਲੇ ਪਰਮੇਸ਼ੁਰ ਦੇ ਦੁਆਰਾ ਸਭ ਚੀਜਾਂ ਨੂੰ ਰਚਿਆ ਗਿਆ । ਇਸ ਕਰਕੇ, ਯਿਸੂ ਜੀ ਇਹ ਕਹਿ ਸਕੇ ਸਨ ਕਿ ਮੈ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਮ ਤੋਂ ਪਹਿਲਾਂ, ਮੈ ਹਾਂ (ਯੂਹੰਨਾ 8:58), ਅਤੇ ਉਸ ਨੇ ਪ੍ਰਾਰਥਨਾ ਕੀਤੀ, ਹੁਣ ਹੇ ਪਿਤਾ, ਮੈਨੂੰ ਉਹ ਵਡਿਆਈ ਦੇ, ਜਿਹੜੀ ਸੰਸਾਰ ਦੇ ਰਚੇ ਜਾਣ ਤੋਂ ਪਹਿਲਾ ਮੇਰੀ ਸੀ ਅਤੇ ਤੇਰੇ ਕੋਲ ਸੀ ( ਯੂਹੰਨਾ 17:5)। ਇਸ ਲਈ, ਉਹ ਸੱਚਾ, ਸਦੀਪਕਾਲ ਦਾ ਪਰਮੇਸ਼ਰ, ਸਰਵ ਸ਼ਕਤੀਮਾਨ ਹੈ, ਜਿਸ ਨੂੰ ਅਸੀ ਪੁਕਾਰਦੇ, ਬੰਦਗੀ ਕਰਦੇ ਅਤੇ ਸੇਵਾ ਕਰਦੇ ਹਾਂ।

1 ਮਤੀ 17:5, ਯੂਹ 1:14,18, ਯੂਹ 3:16, ਯੂਹ 14:1-14, ਯੂਹ 20:17,31,ਰੋਮ 1:4 ਗਲ 4:4,ਇਥ 1:2, 1ਯੂਹ 5:5, 9-12
2 ਯੂਹ 5:18,23, ਯੂਹ 10:30, ਯੂਹ 14:9, ਯੂਹ 20:28, ਰੋਮ 9:5 ਫਿਲਿ 2:6, ਕੁਲੁ 1:15,ਤੀਤੁ 2:13, ਇਥ 1:3, ਪਰ 5:13.
3 ਯੂਹ 8:58, ਯੂਹ 17:5, ਇਥ 13:8.
4 ਉਤ 1:1.
5 ਯੂਹ 1:1-3.



6 ਇਥ 1:2
7 1ਕੁਰਿ 8:6, ਕੁਲ 1:16

## ਅਰਟਿਕਲ 11
## ਪਵਿੱਤਰ ਆਤਮਾ ਸੱਚਾ ਅਤੇ ਅਦਬੀ ਪਰਮੇਸ਼ਰ ਹੈ।

ਅਸੀਂ ਵਿਸ਼ਵਾਸ ਅਤੇ ਇਕਰਾਰ ਕਰਦੇ ਹਾਂ ਕਿ ਪਵਿੱਤਰ ਆਤਮਾ ਸਦੀਪਕਕਾਲ ਤੋਂ ਹੀ ਪਿਤਾ ਅਤੇ ਪੁੱਤਰ ਵਿੱਚੋਂ ਨਿੱਕਲਦਾ ਹੈ। ਨਾ ਉਸ ਨੂੰ ਬਣਾਇਆ ਗਿਆ ਹੈ ਅਤੇ ਨਾ ਹੀ ਉਸ ਦੀ ਰਚਨਾ ਕੀਤੀ ਗਈ ਹੈ ਅਤੇ ਨਾ ਹੀ ਪੈਦਾ ਕੀਤਾ ਗਿਆ ਹੈ, ਪਰ ਸਿਰਫ ਇਹੀ ਕਿਹਾ ਜਾ ਸਕਦਾ ਹੈ ਕਿ ਇਹਨਾ ਦੋਨਾ ਵਿੱਚੋ ਹੀ ਨਿਕਲਦਾ ਹੈ। (1) ਕ੍ਰਮਵਾਰ ਉਹ ਪਵਿੱਤਰ ਤ੍ਰਿਏਕਤਰ ਦੀ ਤੀਸਰੀ ਸਖਸ਼ੀਅਤ , ਪਿਤਾ ਅਤੇ ਪੁੱਤਰ ਦੇ ਨਾਲ ਇੱਕ ਅਤੇ ਉਸੇ ਹੀ ਤੱਤ, ਸ਼ਾਨ ਅਤੇ ਮਹਿਮਾ ਵਾਲਾ, ਸੱਚਾ ਅਤੇ ਸਦਾ ਰਹਿਣ ਵਾਲਾ ਪਰਮੇਸ਼ਰ ਹੈ, ਜਿਸ ਤਰ੍ਹਾ ਕਿ ਪਵਿੱਤਰ ਬਾਣੀ ਸਾਨੂੰ ਸਿਖਾਉਦੀ ਹੈ।(2)

1 ਯੂਹ 14:15-26,ਯੂਹ 15:26, ਰੋਮ 8:9
2 ਉਤ1:2, ਮੱਤੀ 28:19, ਕਰ 5:3,4, 1ਕੁਰਿ 2:10, 1ਕੁਰਿ 3:16, 1ਕੁਰਿ 6:11, 1ਯੂਹ 5:7

## ਅਰਟਿਕਲ 12
## ਸਭ ਚੀਜ਼ਾ ਖਾਸ ਕਰਕੇ ਸੁਰਗਦੂਤਾਂ ਦੀ ਰਚਨਾ।

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਪਿਤਾ ਨੇ ਸਬਦ ਦੇ ਦੁਆਰਾ ਭਾਵ ਆਪਣੇ ਪੁੱਤਰ ਰਾਹੀ, (1) ਕੁਝ ਵੀ ਨਾਂ ਹੁੰਦੇ ਹੋਇਆ ਅਕਾਸ ਅਤੇ ਧਰਤੀ ਅਤੇ ਸਭ ਸਰਿਸ਼ਟੀ ਨੂੰ ਰਚਿਆ, ਜਿਸ ਵੇਲੇ ਉਸ ਨੂੰ ਇਸ ਤਰ੍ਹਾਂ ਕਰਨਾ ਚੰਗਾ ਲੱਗਾ ਅਤੇ ਹਰ ਇੱਕ ਜੀਵ ਨੂੰ ਆਪਣੀ ਹੋਂਦ, ਅਕਾਰ ਅਤੇ ਰੂਪ ਬਖਸ਼ਿਆ ਅਤੇ ਆਪਣਾ ਖਾਸ ਕੰਮ ਅਤੇ ਕਾਰਜ ਬਖਸ਼ਿਆ ਤਾਂ ਉਹ ਜੋ ਉਸ ਦੇ ਰਚਨਹਾਰ ਦੀ ਸੇਵਾ ਕਰ ਸਕਣ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਆਪਣੇ ਅਬਦੀ ਇੰਤਜਾਮ ਅਤੇ ਅਸੀਮ ਸਮਰੱਥਾ ਦੇ ਦੁਆਰਾ ਇਸ ਦੀ ਸੰਭਾਲ ਅਤੇ ਸੰਚਾਲਨ ਕਰਨਾ ਜਾਰੀ ਰੱਖਦਾ ਹੈ ਤਾਂ ਕਿ ਉਹ ਮਨੁੱਖ ਦੀ ਸੇਵਾ ਕਰੇ, ਜਿਸ ਦੇ ਸਿੱਟੇ ਵਜੋ ਮਨੁੱਖ ਆਪਣੇ ਪਰਮੇਸ਼ਰ ਦੀ ਸੇਵਾ ਕਰ ਸਕੇ।

ਉਸ ਨੇ ਸੁਰਗਦੂਤਾਂ ਨੂੰ ਵੀ ਚੰਗਾ ਪੈਦਾ ਕੀਤਾ, ਤਾਂ ਜੋ ਉਹ ਉਸ ਦੇ ਸੰਦੇਸ਼ਵਾਚਕ ਅਤੇ ਉਸ ਦੇ ਚੁਣੇ ਹੋਏ ਲੋਕਾਂ ਦੀ ਸੇਵਾ ਕਰਨ।(2) ਇਨ੍ਹਾਂ ਵਿੱਚੋਂ ਕੁਝ ਆਪਣੇ ਉੱਚੇ ਸਥਾਨ ਤੋਂ ਗਿਰ ਕੇ ਜਿਸ ਤੇ ਪਰਮੇਸ਼ਰ ਨੇ ਉਨ੍ਹਾਂ ਨੂੰ ਪੈਦਾ ਕੀਤਾ ਸੀ, ਸਦਾ ਸਦਾ ਦੀ ਤਬਾਹੀ ਵਿੱਚ ਡਿਗ ਚੁਕੇ ਹਨ, (3) ਬਾਕੀ ਸੁਰਗਦੂਤ ਪਰਮੇਸ਼ਰ ਦੀ ਕਿਰਪਾ ਨਾਲ ਆਪਣੀ ਪਹਿਲੀ ਜਗ੍ਹਾਂ ਤੇ ਮਜਬੂਤੀ

ਨਾਲ ਠਹਿਰੇ ਹੋਏ ਹਨ। ਅਤੇ ਆਪਣੀ ਪਹਿਲੀ ਥਾਂ ਉੱਤੇ ਕਾਇਮ ਹਨ। ਸ਼ੈਤਾਨ ਅਤੇ ਬਦ ਰੂਹਾਂ ਇੰਨੀਆਂ ਭਰਿਸ਼ਟ ਹਨ ਕਿ ਉਹ ਪਰਮੇਸ਼ਰ ਅਤੇ ਹਰ ਅਛਾਈ ਦੀਆਂ ਦੁਸ਼ਮਣ ਹਨ।(4) ਉਹ ਆਪਣੀ ਪੂਰੀ ਤਾਕਤ ਨਾਲ, ਕਲੀਸੀਆ ਅਤੇ ਉਸ ਦੇ ਮੈਂਬਰਾ ਨੂੰ ਮਾਰ ਮੁਕਾਉਣ ਦੀ ਤਾਕ ਵਿੱਚ ਬੈਠੀਆਂ ਰਹਿੰਦੀਆਂ ਹਨ, ਅਤੇ ਆਪਣੀਆ ਦੁਸਟ ਚਾਲਾਂ ਰਾਹੀ ਹਰ ਚੰਗੀ ਚੀਜ਼ ਨੂੰ ਤਬਾਹ ਕਰਨ ਵਿੱਚ ਲਗੀਆਂ ਰਹਿੰਦੀਆਂ ਹਨ।(5) ਇਸ ਕਰਕੇ, ਉਨ੍ਹਾਂ ਨੂੰ ਆਪਣੀ ਦੁਸ਼ਟਤਾ ਦੇ ਕਾਰਨ ਸਦਾ ਦੀ ਨਾਸ ਕਰਨ ਵਾਲੀ ਸਜ਼ਾ ਦਿੱਤੀ ਗਈ ਹੈ ਅਤੇ ਹਰ ਰੋਜ਼ ਆਪਣੇ ਭਿਆਨਕ ਸਭਾਉ ਦੀ ਉਮੀਦ ਕਰਦੀਆਂ ਹਨ।(6) ਇਸ ਕਰਕੇ, ਅਸੀਂ ਸਦੂਕੀਆਂ ਦੇ ਝੂਠੇ ਵਿਸ਼ਵਾਸ ਤੋਂ ਇਨਕਾਰ ਅਤੇ ਤ੍ਰਿਸਕਾਰ ਕਰਦੇ ਹਾਂ ਜੋ ਇਸ ਤੋਂ ਇੰਨਕਾਰ ਕਰਦੇ ਹਨ ਜੋ ਆਤਮਾਵਾਂ ਅਤੇ ਫਰਿਸਤਿਆਂ ਦੀ ਹੋਂਦ ਦਾ ਇਨਕਾਰ ਕਰਦੇ ਹਨ,(7) ਅਤੇ Manichees ਦੀ ਝੂਠੀ ਸਿੱਖਿਆ ਦਾ ਵੀ ਜੋ ਇਹ ਕਹਿੰਦੇ ਹਨ ਕਿ ਦੁਸ਼ਟ ਆਤਮਾਵਾ ਦੀ ਰਚਨਾ ਨਹੀ ਸੀ ਕੀਤੀ ਗਈ, ਉਹ ਆਪਣਾ ਅਰੰਭ ਖੁਦ ਵਿੱਚ ਰੱਖਦੀਆਂ ਹਨ, ਅਤੇ ਦੁਸ਼ਟ ਬਣੇ ਬਿਨ੍ਹਾਂ, ਉਹ ਆਪਣੇ ਸੁਭਾਂਓ ਤੋਂ ਹੀ ਦੁਸ਼ਟ ਹਨ।

1 ਉਤ 1:1; ਉਤ 2:3; ਯਸਾ 40:26; ਯਿਰ 32:17; ਕੁਲੁ 1:15,16; 1ਤਿਮੋ 4:3; ਇਬ 11:3; ਪਰ 4:11
2 ਭਜਨ 103:20,21; ਮਤੀ 4:11; ਇਬ 1:14;
3 ਯੂਹ 8:44; 2ਪਤ 2:4; ਯਹੂ 6.
4 ਉਤ 3: 1-5; 1ਪਤ 5:8.
5 ਅਫ 6:12; ਪਰ 12:4,13-17; ਪਰ 20:7-9
6 ਮਤੀ 8:29; ਮਤੀ 25:41; ਪਰ 20:10.
7 ਕਰ 23:8

## ਅਰਟਿਕਲ 13
## ਪਰਮੇਸ਼ਰ ਦਾ ਇੰਤਜ਼ਾਮ

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਸ ਭਲੇ ਪਰਮੇਸ਼ਰ ਨੇ ਸਭ ਚੀਜ਼ਾ ਦੀ ਰਚਨਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਤਿਆਗ ਜਾਂ ਛੱਡ ਨਹੀ ਦਿੱਤਾ ਕਿ ਉਹ ਆਪਣੀ ਤਕਦੀਰ ਜਾ ਖੁਸ਼ਕਿਸਮਤੀ ਉੱਤੇ ਹੀ ਟਿੱਕੀਆਂ ਰਹਿਣ।(1) ਪਰ ਉਹ ਆਪਣੀ ਪਵਿੱਤਰ ਮਰਜੀ ਅਨੁਸਾਰ ਇਸ ਜਗਤ ਉੱਤੇ ਇਸ ਤਰ੍ਹਾਂ ਰਾਜ ਕਰਦਾ ਅਤੇ ਸੰਚਾਲਨ ਕਰਦਾ ਹੈ ਕਿ ਉਸ ਦੇ ਦਿਸ਼ਾ ਨਰਦੇਸ਼ ਤੋਂ ਬਿਨ੍ਹਾਂ ਕੁੱਝ ਨਹੀਂ ਹੁੰਦਾ।(2) ਫਿਰ ਵੀ ਜੋ ਪਾਪ ਕੀਤੇ ਜਾਦੇ ਹਨ ਪਰਮੇਸ਼ਰ ਉਨ੍ਹਾਂ ਦਾ ਨਿਰਮਾਤਾ ਨਹੀਂ ਹੈ ਅਤੇ ਟਾ ਹੀ ਉਸ ਉੱਤੇ ਇਨ੍ਹਾਂ ਕਰਕੇ ਕੋਈ ਦੋਸ਼ ਲਾਇਆ ਜਾ ਸਕਦਾ ਹੈ, (3) ਕਿਉਂਕਿ ਉਸ ਦੀ ਸਕਤੀ ਅਤੇ ਭਲਾਈ ਐਨੀ ਵੱਡੀ ਅਤੇ ਸਮਝ ਤੋਂ ਪਰ੍ਹੇ ਹੈ ਕਿ ਉਹ ਆਪਣੇ ਕਾਰਜ ਨੂੰ ਬਹੁਤ ਹੀ ਸ਼ਾਨਦਾਰ ਅਤੇ ਧਰਮੀ ਢੰਗ



ਨਾਲ ਲਾਗੂ ਕਰਦਾ ਹੈ, ਜਦੋਂ ਕਿ ਬੁਰੇਆਤਮਾ ਅਤੇ ਦੁਸ਼ਟ ਲੋਕ ਅਧਰਮ ਵਾਲੇ ਕੰਮ ਕਰਦੇ ਹਨ।(4) ਅਤੇ ਉਸ ਦੇ ਕੰਮ ਮਨੁੱਖ ਦੀ ਸਮਝ ਤੋਂ ਬਹੁਤ ਉੱਪਰ ਹਨ, ਸਾਨੂੰ ਆਪਣੀ ਸਕਤੀ ਤੋਂ ਵਧ ਕੇ ਇਸ ਦੀ ਪੜਚੋਲ ਕਰਨ ਦੀ ਆਗਿਆ ਨਹੀ ਦਿੰਦੇ। ਪਰ ਅਸੀਂ ਬੜੀ ਨਿਮਰਤਾ ਅਤੇ ਸ਼ਰਧਾ ਨਾਲ ਪਰਮੇਸ਼ਰ ਦੇ ਧਰਮੀ ਕਾਰਜਾਂ ਦੀ ਉਸਤਤ ਕਰਦੇ ਹਾਂ, ਜਿਹੜੇ ਸਾਡੇ ਕੋਲ ਛੁਪੇ ਹੋਏ ਹਨ,(5) ਅਤੇ ਅਸੀਂ ਇਸ ਨਾਲ ਹੀ ਸਬਰ ਕਰਦੇ ਹਾਂ ਕਿ ਅਸੀਂ ਮਸੀਹ ਦੇ ਚੇਲੇ ਹਾਂ, ਅਤੇ ਸਾਨੂੰ ਸਿਰਫ ਉਹ ਹੀ ਚੀਜਾਂ ਸਿਖਣ ਦੀ ਲੋੜ ਹੈ ਜੋ ਉਹ ਸਾਨੂੰ ਆਪਣੀ ਪਵਿੱਤਰ ਬਾਣੀ ਵਿੱਚ ਸਿਖਾਉਦਾ ਹੈ, ਅਤੇ ਅਜਿਹਾ ਇਹਨਾਂ ਹੱਦਾ ਦੀ ਉਲੰਘਣਾ ਕੀਤੇ ਬਗੈਰ ਹੀ ਕਰੀਏ। (6) ਇਸ ਸਿਖਿਆ ਤੋਂ ਸਾਨੂੰ ਐਨੀ ਤਸੱਲੀ ਮਿਲਦੀ ਹੈ ਜੋ ਬਿਆਨ ਨਹੀ ਕੀਤੀ ਜਾ ਸਕਦੀ, ਕਿਉਂਕਿ ਅਸੀਂ ਇਸਤੋਂ ਇਹ ਸਿਖਿਆ ਪ੍ਰਾਪਤ ਕਰਦੇ ਹਾਂ ਕਿ ਸਾਡੇ ਨਾਲ ਅਚਾਨਕ ਕੁਝ ਨਹੀਂ ਵਾਪਰ ਸਕਦਾ,ਜਿਨੑਾਂ ਚਿਰ ਸਾਡੀ ਕਿਰਪਾਲੂ ਅਸਮਾਨੀ ਪਿਤਾ ਇਸ ਦਾ ਨਿਰਦੇਸ਼ਨ ਨਾਂ ਕਰੇ।ਉਹ ਸਾਡੀ ਪਿਤਾ ਦੀ ਤਰ੍ਹਾਂ ਦੇਖਭਾਲ ਅਤੇ ਰੱਖਿਆ ਕਰਦਾ ਹੈ ਅਤੇ ਸਾਰੀ ਸਰਿਸ਼ਟੀ ਨੂੰ ਆਪਣੀ ਸ਼ਕਤੀ ਦੇ ਦੁਆਰਾ ਸੰਭਾਲੀ ਰੱਖਦਾ ਹੈ ਤਾਂ ਜੋ ਸਾਡੇ ਸਿਰ ਦਾ ਇਕ ਵੀ ਵਾਲ -- ਕਿਓਕਿ ਉਹ ਸਾਰੇ ਗਿਣੇ ਹੋਏ ਹਨ -- ਅਤੇ ਅਤੇ ਨਾ ਹੀ ਇੱਕ ਵੀ ਚਿੜੀ ਸਾਡੇ ਪਿਤਾ ਦੀ ਮਰਜੀ ਤੋਂ ਬਿਨ੍ਹਾਂ ਧਰਤੀ ਤੇ ਡਿਗ ਸਕਦੀ ਹੈ (ਮੱਤੀ 10:29,30.)ਇਸ ਗੱਲ ਤੇ ਸਾਨੂੰ ਵਿਸਵਾਸ਼ ਹੈ, ਕਿਉਂਕਿ ਅਸੀ ਜਾਣਦੇ ਹਾਂ ਕਿ ਉਹ ਸ਼ੈਤਾਨ ਅਤੇ ਸਾਡੇ ਦੁਸਮਣਾਂ ਨੂੰ ਇਸ ਤਰਾਂ ਕਾਬੂ ਵਿੱਚ ਰੱਖਦਾ ਹੈ ਕਿ ਉਹ ਸਾਨੂੰ ਉਸ ਦੀ ਮਰਜ਼ੀ ਅਤੇ ਆਗਿਆ ਦੇ ਬਿਨ੍ਹਾਂ ਕੋਈ ਨੁਕਸਾਨ ਨਹੀ ਪਹੁੰਚਾ ਸਕਦੇ।(7) ਇਸ ਕਰਕੇ, ਅਸੀ Epicumern ਲੋਕਾਂ ਦੀ ਝੂਠੀ ਸਿਖਿਆ ਉੱਤੇ ਵਿਸਵਾਸ਼ ਕਰਨ ਤੋਂ ਇਨਕਾਰ ਕਰਦੇ ਹਾਂ ਜੋ ਇਹ ਕਹਿੰਦੇ ਹਨ ਕਿ ਪਰਮੇਸ਼ਰ ਦਾ ਕਿਸੀ ਚੀਜ਼ ਨਾਲ ਕੋਈ ਲੈਣ ਦੇਣ ਨਹੀਂ ਪਰ ਉਹ ਸਾਰੀਆਂ ਚੀਜ਼ਾਂ ਨੂੰ ਆਪਣੀ ਹੀ ਤਕਦੀਰ ਤੇ ਛੱਡ ਦਿੰਦਾ ਹੈ।

1 ਯੂਹ 5: 17; ਇਬ 1:3.
2 ਭਜ 115:3; ਕਹਾ 16;9,33; ਕਹਾ 21:1; ਅਫ 1:11,12; ਯਾਕੂ 4:13-15.
3 ਯਾਕੂ 1:13 1ਯੂਹ 2:16.
4 ਅਯੂ 1:21; ਯਸਾ 10:5; ਯਸਾ 45:7; ਆਮੋ 3:6; ਕਰ 2:23; ਕਰ 4:27,28.
5 1ਰਾਜ 22:19-23; ਰੋਮ 1:28; 2ਥਸ 2:11.
6 ਵਿਵ 29:29; 1ਕੁਰਿ 4:6.
7 ਉਤ 45:8; ਉਤ 50:20; 2ਸਮੂ 16:10; ਰੋਮ 8:28,38,39.

# ਅਰਟਿਕਲ 14
## ਮਨੁੱਖ ਦੀ ਰਚਨਾ ਅਤੇ ਉਸ ਦਾ ਪਾਪ ਵਿੱਚ ਪੈਣਾ ਅਤੇ ਉਸ ਦੀ ਅਸਲੀ ਚੰਗੇ ਕੰਮ ਕਰਨ ਦੀ ਅਸਮਰਥਾ।

ਸਾਡਾ ਇਹ ਵਿਸ਼ਵਾਸ ਹੈ ਕਿ ਪਰਮੇਸ਼ਰ ਨੇ ਮਨੁੱਖ ਨੂੰ ਧਰਤੀ ਦੀ ਮਿੱਟੀ ਤੋਂ ਰਚਿਆ ਹੈ (1) ਅਤੇ ਉਸ ਨੂੰ ਆਪਣੇ ਰੂਪ ਅਤੇ ਸਰੂਪ ਤੇ ਬਣਾਇਆ, ਜੋ ਅੱਛਾ, ਧਰਮੀ ਅਤੇ ਪਵਿੱਤਰ ਸੀ।(2) ਉਸ ਦੀ ਮਰਜੀ ਹਰ ਤਰ੍ਹਾਂ ਨਾਲ ਪਰਮੇਸ਼ਰ ਦੀ ਮਰਜ਼ੀ ਨਾਲ ਮੇਲ ਖਾਂਦੀ ਹੋ ਸਕਦੀ ਸੀ। ਪਰ ਇਸ ਵੇਲੇ ਮਨੁੱਖ ਆਪਣੀ ਉੱਚੀ ਪਦਵੀ ਤੇ ਸੀ, ਉਸ ਨਾ ਤਾਂ ਇਸ ਦੀ ਸੁਲਾਘਾ ਕੀਤੀ ਅਤੇ ਨਾ ਹੀ ਉਸ ਦੀ ਉਤਮਤਾ ਦੀ ਕੀਮਤ ਜਾਣੀ। ਉਸ ਨੇ ਸੈਤਾਂਨ ਦੀਆ ਗੱਲਾਂ ਉੱਤੇ ਕੰਨ ਲਾਏ। ਅਤੇ ਜਾਣ ਬੁਝ ਕੇ ਆਪਣੇ ਆਪ ਨੂੰ ਪਾਪ ਦੇ ਹਵਾਲੇ ਕਰ ਦਿੱਤਾ ਜਿਸ ਦਾ ਨਤੀਜਾ ਮੌਤ ਅਤੇ ਸਰਾਪ ਹੈ।(3) ਕਿਉਂਕਿ ਉਸਨੇ ਜੀਵਨ ਬਾਰੇ ਮਿਲੇ ਹੁਕਮਾਂ ਦੀ ਉਲੰਘਣਾ ਕੀਤੀ, ਜਿਸ ਕਰਕੇ ਆਪਣੇ ਪਾਪ ਕਾਰਣ, ਉਹ ਉਹ ਪਰਮੇਸ਼ਰ ਤੋਂ ਦੂਰ ਹੋ ਗਿਆ, ਜੋ ਉਸ ਦਾ ਸੱਚਾ ਜੀਵਨ ਸੀ, ਉਸ ਨੇ ਆਪਣੇ ਸੰਪੂਰਨ ਸੁਭਾਉ ਨੂੰ ਭਰਿਸ਼ਟ ਕਰ ਲਿਆ।ਇਸ ਕਾਰਣ ਉਸ ਨੇ ਆਪਣੇ ਆਪ ਨੂੰ ਸਰੀਰਕ ਅਤੇ ਆਤਮਕ ਮੌਤ ਦਾ ਜੁਮੇਵਾਰ ਠਹਿਰਾਇਆ।(4) ਕਿਉਂਕਿ ਮਨੁੱਖ ਦੁਸਟ ਅਤੇ ਪਰਮੇਸ਼ਰ ਵਿਰੋਧੀ ਹੋ ਗਿਆ, ਸਭ ਤਰ੍ਹਾਂ ਨਾਲ ਵਿਗੜ ਗਿਆ, ਉਸ ਨੇ ਆਪਣੇ ਸਾਰੇ ਵਰਦਾਨ ਜੋ ਉਸਨੇ ਇੱਕ ਸਮੇ ਪਰਮੇਸ਼ਰ ਵੱਲੋ ਪਾਏ ਸੀ ਗੁਆ ਲਏ।(5) ਉਸ ਕੋਲ ਬਿਨ੍ਹਾਂ ਥੋੜੇ ਨਿਸ਼ਾਂਨਾ ਤੋਂ ਕੁਝ ਵੀ ਨਹੀਂ ਬਚਿਆ ਜੋ ਇਸ ਗੱਲ ਲਈ ਕਾਫੀ ਹਨ ਕਿ ਉਸ ਕੋਲ ਕੋਈ ਬਹਾਨਾ ਨਹੀਂ ਹੈ। (6) ਕਿਉਂਕਿ ਜੋ ਨੂਰ ਸਾਡੇ ਅੰਦਰ ਹੈ ਉਹ ਹਨੇਰੇ ਵਿੱਚ ਬਦਲ ਗਿਆ।(7) ਜਿਸ ਤਰ੍ਹਾਂ ਕੇ ਪਵਿੱਤਰ ਬਾਣੀ ਸਾਨੂੰ ਸਿਖਾਉਂਦੀ ਹੈ, ਨੂਰ ਹਨੇਰੇ ਵਿੱਚ ਚਮਕਦਾ ਹੈ ਪਰ ਹਨੇਰੇ ਨੇ ਉਸ ਨੂੰ ਕਬੂਲ ਨਾ ਕੀਤਾ।( ਯੂਹੰਨਾ 1:5) ਇਥੇ ਯੂਹੰਨਾ ਨੇ ਮਨੁੱਖਜਾਤੀ ਨੂੰ ਹਨੇਰਾ ਕਿਹਾ ਹੈ।ਇਸ ਕਰਕੇ, ਅਸੀ ਉਸ ਸਾਰੀ ਸਿਖਿਆ ਨੂੰ ਜੋ ਇਸ ਦੇ ਉਲਟ ਹੋਵੇ ਜਿਸ ਦਾ ਸੰਬੰਧ ਮਨੁੱਖ ਦੀ ਅਜਾਦ ਇੱਛਾ ਨਾਲ ਹੈ ਇਨਕਾਰ ਕਰਦੇ ਹਾਂ, ਕਿਉਕਿ ਮਨੁੱਖ ਪਾਪ ਦਾ ਗੁਲਾਮ ਹੀ ਹੈ ( ਯੂਹੰਨਾ 8:34) ਅਤੇ ਕੋਈ ਕੁਝ ਨਹੀਂ ਲੈ ਸਕਦਾ ਜਦ ਤਕ ਉਸ ਨੂੰ ਸੁਰਗ ਤੋਂ ਨਾ ਦਿੱਤਾ ਜਾਵੇ (ਯੂਹੰਨਾ 3:27) ਕਿਉਂਕਿ ਕੌਣ ਇਸ ਗੱਲ ਦੀ ਸ਼ੇਖੀ ਮਾਰਨ ਦੀ ਹਿੰਮਤ ਕਰ ਸਕਦਾ ਹੈ ਕਿ ਉਹ ਆਪਣੇ ਆਪ ਹੀ ਕੋਈ ਚੰਗਾ ਕੰਮ ਕਰ ਸਕਦਾ ਹੈ, ਜਦ ਕਿ ਮਸੀਹ ਜੀ ਕਹਿੰਦੇ ਹਨ ਕੋਈ ਮੇਰੇ ਕੋਲ ਆ ਨਹੀਂ ਸਕਦਾ ਜਦ ਕਿ ਪਿਤਾ ਜਿਸ ਨੇ ਮੈਨੂੰ ਭੇਜਿਆ ਹੈ ਉਸ ਨੂੰ ਖਿੱਚ ਨਾ ਲਵੇ (ਯੂਹੰਨਾ 6:44)? ਕੌਣ ਆਪਣੀ ਮਰਜੀ ਨਾਲ ਮਹਿਮਾ ਕਰੇਗਾ ਜਦ ਕਿ ਉਹ ਸੱਮਝਦਾ ਹੋਵੇ ਕਿ ਸਰੀਰਕ ਸੁਭਾਉ ਪਰਮੇਸ਼ਰ ਦਾ ਵੈਰੀ ਹੈ (ਰੋਮ 8:7)? ਕੌਣ ਆਪਣੇ ਗਿਆਨ ਵਾਰੇ ਗੱਲ ਕਰ ਸਕਦਾ ਹੈ ਕਿਉਕਿ ਅਧਰਮੀ ਮਨੁੱਖ ਪਰਮੇਸ਼ਰ ਦੇ ਆਤਮਾ ਦੇ ਬਰਦਾਨ ਪ੍ਰਾਪਤ ਨਹੀਂ ਕਰਦਾ (1 ਕੁਰਿੰਥੁਸ 3:5)? ਮੁਕਦੀ ਗੱਲ ਇਹ ਹੈ ਕਿ, ਉਹ ਕੌਣ ਹੈ ਜੋ ਕਿਸੀ ਵੀ ਚੀਜ਼ ਤੇ ਦਾਅਵਾ ਕਰਨ ਦੀ ਹਿਮਤ ਕਰੇ ਜਦ ਕਿ ਉਹ ਜਾਣਦਾ ਹੋਵੇ ਕਿ ਇਹ ਨਹੀਂ ਕਿ ਅਸੀਂ ਆਪਣੀ ਤਰਫ ਤੋਂ ਕੁਝ ਸੋਚ ਵੀ ਸਕੀਏ। ਜਦ ਕਿ ਸਾਡੀ ਯੋਗਤਾ ਪਰਮੇਸ਼ਰ ਦੀ ਤਰਫ ਤ੍ਹੋ ਹੈ (2 ਕੁਰਿੰਥੁਸ 3:5)? ਇਸ ਕਰਕੇ ਜੋ ਰਸੂਲ ਕਹਿੰਦਾ ਹੈ ਉਹ ਉਸੇ ਤਰ੍ਹਾਂ ਯਕੀਨੀ ਤੌਰ ਤੇ ਅਤੇ ਪੱਕਿਆਂ ਰਹਿਣਾ ਚਾਹੀਦਾ ਹੈ: ਜੋ ਤੁਹਾਡੇ ਵਿੱਚ ਇੱਛਾ ਅਤੇ ਕੰਮ ਦੋਨਾਂ ਨੂੰ ਆਪਣੀ ਮਰਜੀ ਨੂੰ ਪੂਰਾ ਕਰਨ ਵਾਸਤੇ ਪੈਦਾ ਕਰਦਾ ਹੈ ਉਹ ਪਰਮੇਸ਼ਰ ਹੈ (ਫਿਲਿਪੀਆਂ 2:13). ਕੋਈ ਵੀ ਸਿਆਣਪ ਜਾ ਇੱਛਾ ਪਰਮੇਸ਼ਰ ਦੀ ਸਿਆਣਪ ਅਤੇ ਇੱਛਾ ਸਮਝਣ ਯੋਗ ਨਹੀਂ ਹੈ ਜਦ ਤਕ ਕਿ ਮਸੀਹ ਇਸ ਦੇ ਕਾਬਲ ਨਾ ਬਣਾਏ , ਜਿਸ ਤਰ੍ਹਾਂ ਕਿ ਉਹ ਸਾਨੂੰ ਸਿਖਾਉਂਦਾ ਹੈ, ਤੁਸੀਂ ਮੇਰੇ ਕੋਲੋ ਵੱਖਰੇ ਹੋ ਕੇ ਕੁਝ ਟਹੀ ਕਰ ਸਕਦੇ (ਯੂਹੰਨਾ 15:5).

1 ਉਤ 2:7; ਉਤ 3:19; ਵਿਰ 12:7.
2 ਉਤ 1:26,27; ਅਫ 4:24; ਕੁਲ 3:10
3 ਉਤ 3:16-19; ਰੋਮ 5:12.
4 ਉਤ 2:17; ਅਛ 2:1; ਅਫ 4:18.
5 ਭਜ 94:11; ਰੋਮ 3:10; ਰੋਮ 8:6.
6 ਰੋਮ 1:20,21
7 ਅਫ 5:8

# ਅਰਟਿਕਲ 15
## ਮੂਲ ਪਾਪ

ਅਸੀਂ ਵਿਸਵਾਸ਼ ਕਰਦੇ ਹਾਂ ਕਿ ਆਦਮ ਦੀ ਨਾ ਫਰਮਾਨੀ ਕਰਨ ਦੇ ਕਾਰਣ ਮੂਲ ਪਾਪ ਸਾਰੀ ਮਨੁੱਖ ਜਾਤੀ ਵਿੱਚ ਫੈਲ ਗਿਆ(1) ਇਹ ਮਨੁੱਖ ਦੇ ਸੰਪੂਰਨ ਸੁਭਾ ਦਾ ਭਰਿਸ਼ਟ ਹੋ ਜਾਣਾ ਹੈ(2) ਅਤੇ ਬਾਪ ਦਾਦਿਆਂ ਤੋਂ ਚੱਲੀ ਆ ਰਹੀ ਬੁਰਾਈ ਹੈ ਜੋ ਆਪਣੇ ਮਾਂ ਦੀ ਕੁਖ ਵਿੱਚ ਹੀ ਬਚਿਆਂ ਤੇ ਅਸਰ ਕਰਦਾ ਹੈ() ਇੱਕ ਜੜ੍ਹ ਦੀ ਤਰ੍ਹਾਂ ਮਨੁੱਖ ਵਿੱਚ ਹਰ ਤਰ੍ਹਾਂ ਪਾਪ ਪੈਦਾ ਕਰਦੀ ਹੈ। ਇਸ ਕਰਕੇ, ਇਹ ਪਰਮੇਸ਼ਰ ਦੀ ਨਜਰ ਵਿੰਚ ਐਨੀ ਨਫਰਤ ਅਤੇ ਨਿੰਦਾ ਯੋਗ ਹੈ ਕਿ ਮਨੁੱਖ ਜਾਤੀ ਨੂੰ ਦੋਸ਼ੀ ਠਹਿਰਾਉਣ ਲਈ ਇਹ ਕਾਫੀ ਹੈ।(4) ਇਹ ਬਪਤਿਸਮੇ ਨਾਲ ਵੀ ਨਾਂ ਤਾਂ ਖਤਮ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਜੜ੍ਹ ਤੋਂ ਨਾਸ਼ ਕੀਤਾ ਜਾ ਸਕਦਾ ਹੈ, ਕਿਉਂਕਿ ਪਾਪ ਲਗਾਤਾਰ ਖੂਹ ਦੇ ਪਾਣੀ ਦੀ ਤਰ੍ਹਾਂ ਇੱਕ ਭਰਿਸ਼ਟ ਸੋਤੇ ਤੋਂ ਵੱਗਿਆ ਹੀ ਆ ਰਿਹਾ ਹੈ।(5) ਫਿਰ ਵੀ ਇਹ ਸੱਭ ਕੁਝ ਹੋਣ ਦੇ ਬਾਵਜੂਦ ਮੂਲ ਪਾਪ ਪਰਮੇਸ਼ਰ ਦੇ ਬੱਚਿਆਂ ਦੇ ਜੁੰਮੇ ਨਹੀ ਲੱਗਦਾ ਤਾਂ ਜੋ ਉਨਾਂ ਨੂੰ ਦੋਸੀ ਠਹਿਰਾਇਆ ਜਾਵੇ ਪਰ ਉਸ ਦੀ ਕਿਰਪਾਲਤਾ ਅਤੇ ਰਹਿਮ ਨਾਲ ਉਨ੍ਹਾਂ ਨੂੰ ਮੁਆਫ ਕੀਤਾ ਜਾਦਾ ਹੈ।(6) ਇਹ ਨਹੀਂ ਕਿ ਵਿਸ਼ਵਾਸ ਰੱਖਣ ਵਾਲੇ ਆਪਣੇ ਪਾਪਾਂ ਵਿੱਚ ਬੜੇ ਅਰਾਮ ਦੀ ਨੀਂਦ ਸੌਂ ਸਕਦੇ ਹਨ ਪਰ

ਇਹ ਕਿ ਇਸ ਬੁਰਾਈ ਦੇ ਵਾਰੇ ਜਾਗਰਿਤੀ ਹੋਣ ਅਕਸਰ ਉਹਨਾ ਨੂੰ ਕੁਰਲਾਉਣਾ ਲਾਵੇ ਜਦ ਤਕ ਕਿ ਉਹ ਇਸ ਮੌਤ ਦੇ ਸਰੀਰ ਤੋਂ ਮੁਕਤੀ ਪਾਣ ਲਈ ਬੜੀ ਚਾਹ ਨਾਲ ਉਡੀਕ ਕਰਦੇ ਹਨ। ਇਸ ਕਰਕੇ,ਅਸੀ Pelagians ਦੀ ਝੂਠੀ ਸਿੱਖਿਆ ਤੋਂ ਇੰਨਕਾਰ ਕਰਦੇ ਹਾਂ ਜੋ ਇਹ ਕਹਿੰਦੇ ਹਨ ਕਿ ਪਾਪ ਤਾ ਸਿਰਫ ਕਰਨ ਵਾਲੀ ਗੱਲ ਹੀ ਹੈ।

1 ਰੋਮ 5:12-14,19
2 ਰੋਮ 3;10
3 ਅਯੂ 14:4; ਭਜ 51:5; ਯੂਹ 3:6.
4 ਅਫ 2:3
5 ਰੋਮ 5:18,19.
6 ਅਫ 2:4,5

## ਅਰਟਿਕਲ 16
## ਦੈਵੀ ਚੋਣ

ਅਸੀ ਵਿਸ਼ਵਾਸ ਕਰਦੇ ਹਾਂ, ਕਿ ਜਿਸ ਵੇਲੇ ਆਦਮ ਦੀ ਸਾਰੀ ਸੰਤਾਨ ਸਦਾ ਵਾਸਤੇ ਪਾਪ ਦੀ ਤਬਾਹੀ ਵਿੱਚ ਡੁੱਬ ਗਈ ਅਤੇ ਪਹਿਲੇ ਮਨੁੱਖ ਦੇ ਪਾਪਾਂ ਕਾਰਣ ਬਰਬਾਦ ਹੋ ਗਈ,(1) ਤਦ ਪਰਮੇਸ਼ਰ ਨੇ ਆਪਣੇ ਆਪ ਨੂੰ , ਜਿਸ ਤਰ੍ਹਾਂ ਦਾ ਉਹ ਕਿਰਪਾਲੂ ਅਤੇ ਨਿਰਪੱਖ ਹੈ, ਜ਼ਾਹਰ ਕੀਤਾ। ਕਿਰਪਾਲੂ , ਇਸ ਦੀ ਬਰਬਾਦੀ ਤੋ ਉਨ੍ਹਾਂ ਨੂੰ ਬਚਾਉਣ ਅਤੇ ਛੜਾਉਨ ਕਾਰਨ ਜਿਨ੍ਹਾਂ ਨੂੰ ਉਸ ਨੇ ਆਪਣੀ ਸਦਾ ਰਹਿਣ ਵਾਲੀ ਅਤੇ ਨਾ ਬਦਲਣ ਵਾਲੀ ਇੱਛਾਂ (2) ਨਾਲ ਚੁਣ ਲਿਆ, (3) ਸਾਡੇ ਪ੍ਰਭੂ ਯਿਸੂ ਮਸੀਹ (4) ਦੀ ਨਿਰੋਲ ਭਲਾਈ ਦੇ ਵਿੱਚ ਚੁਣ ਲਿਆ, (5) ਇਹ ਉਸ ਨੇ ਉਨ੍ਹਾਂ ਦੇ ਕੰਮਾਂ ਦੇ ਵਾਰੇ ਸੋਚੇ ਬਗੈਰ ਹੀ ਕੀਤਾ।(6) ਦੂਸਰਿਆਂ ਨੂੰ ਉਨ੍ਹਾਂ ਦੇ ਆਪਣੇ ਆਪ ਨੂੰ ਪਾਪ ਵਿੱਚ ਡੁੱਬੇ ਰਹਿਣ ਅਤੇ ਤਬਾਹੀ ਵਿੱਚ ਜਾਣ ਲਈ ਛੱਡਣ ਵਿੱਚ ਵੀ ਉਹ ਧਰਮੀ ਹੈ। (7)

1 ਰੋਮ 3:12
2 ਯੂਹ 6:37,44; ਯੂਹ 10:29; ਯੂਹ 17:2,9,12; ਯੂਹ 18:9.
3 1ਸਮੂ 12:22; ਭਜ 65:4; ਕਰ 13:48; ਰੋਮ 9:16; ਰੋਮ 11:5; ਤੀਤੁ 1:1
4 ਯੂਹ 15:16,19; ਰੋਮ 8:29; ਅਫ 1:4,5.
5 ਮਲਾ 1:2,3; ਰੋਮ 9:11-13; 2ਤਿਮੋ 1:9; ਤੀਤੁ 3:4,5.
6 ਰੋਮ 9:19,-22; 1ਪਤ 2:8



## ਆਰਟਿਕਲ 17
## ਪਾਪ ਵਿੱਚ ਪਏ ਹੋਏ ਮਨੁੱਖ ਨੂੰ ਬਚਾਉਣਾ

ਸਾਡਾ ਵਿਸ਼ਵਾਸ ਹੈ ਕਿ ਜਿਸ ਵੇਲੇ ਪਰਮੇਸ਼ਰ ਨੇ ਦੇਖਿਆ ਕਿ ਮਨੁੱਖ ਨੇ ਆਪਣੇ ਆਪ ਨੂੰ ਸਰੀਰਕ ਅਤੇ ਆਤਮਕ ਤੋਰ ਤੇ ਮੌਤ ਵਿੱਚ ਡੁੱਬੋ ਲਿਆ ਸੀ ਅਤੇ ਆਪਣੇ ਆਪ ਨੂੰ ਪੂਰੇ ਤੋਰ ਤੇ ਤਰਸਯੋਗ ਬਣਾ ਲਿਆ ਸੀ। ਤਦ ਸਾਡੇ ਕਿਰਪਾਲੂ ਪਰਮੇਸ਼ਰ ਨੇ ਆਪਣੀ ਅਨੋਖੀ ਬੁੱਧ ਅਤੇ ਭਲਿਆਈ ਨਾਲ ਮਨੁੱਖ ਨੂੰ ਭਾਲਣਾ ਅਰੰਭ ਕੀਤਾ ਜਦੋਂ ਕਿ ਉਹ ਉਸ ਦੇ ਸਾਮਣਿਉ ਕਬੰਦਾ ਹੋਇਆ ਭੱਜ ਨਿੱਕਲਿਆ ਸੀ।(1) ਉਸ ਨੇ ਆਪਣੇ ਵਿੱਚ ਬਚਨ ਨਾਲ ਉਸ ਨੂੰ ਤਸੱਲੀ ਦਿੱਤੀ ਕਿ ਉਹ ਉਸ ਨੂੰ ਆਪਣਾ ਪੁੱਤਰ ਦੇਵੇਗਾ ਜੋ ਨਾਰੀ ਤੋਂ ਪੈਦਾ ਹੋਵੇਗਾ (ਗਲਾਤੀਆਂ 4:4), *ਸੱਪ ਦਾ ਸਿਰ ਕੁਚਲਨ* (ਉਤਪਤ 3:15) ਅਤੇ ਮਨੁੱਖ ਨੂੰ ਬਰਕਤ ਦੇਣ ਵਾਸਤੇ।(2)

1 ਉਤ 3:9
2 ਉਤ 22:18; ਯਸਾ 7;14 ਯੂਹ 1:14; ਯੂਹ 5:46; ਯੂਹ 7:42; ਕਰ 13:32, 33; ਰੋਮ 12,3; ਗਲ 3:16; 2 ਤਿਮੋ2:8; ਇਬ 7:14.

## ਆਰਟਿਕਲ 18
## ਪਰਮੇਸ਼ਰ ਦੇ ਪੁੱਤਰ ਦਾ ਦੇਹ ਧਾਰਨ ਕਰਨਾ

ਇਸ ਕਰਕੇ ਅਸੀਂ ਇਕਰਾਰ ਕਰਦੇ ਹਾਂ, ਕਿ ਪਰਮੇਸ਼ਰ ਨੇ ਜੋ ਵਾਇਦਾ ਆਪਣੇ ਪਵਿੱਤਰ ਨਬੀਆਂ ਰਾਹੀਂ ਸਾਡੇ ਬਾਪ-ਦਾਦਿਆਂ ਨਾਲ ਕੀਤਾ ਸੀ ਉਸ ਨੂੰ ਪੂਰਾ ਕੀਤਾ (1) ਜਿਸ ਵੇਲੇ, ਉਸਨੇ ਆਪਣੇ ਨਿਸਚਿਤ ਕਤਿ ਹੋਏ ਸਮੇ ਤੇ, (2) ਆਪਣਾ ਇਕਲੌਤਾ ਸਦੀਪਕ ਪੁੱਤਰ ਸੰਸਾਰ ਵਿੱਚ ਭੇਜਿਆ ਜਿਸ ਨੇ ਇੱਕ ਦਾਸ ਦਾ ਰੂਪ ਧਾਰਨ ਕਰਕੇ ਮਨੁੱਖ ਦੇ ਰੂਪ ਵਿੱਚ ਪੈਦਾ ਹੋਇਆ। (ਫਿਲਿਪੀਆਂ 2:7). ਉਸ ਨੇ ਸੱਚੇ ਤੋਰ ਤੇ ਮਨੁੱਖ ਦੇ ਸੁਭਾਓ ਨੂੰ ਉਸ ਦੀਆਂ ਸਾਰੀ ਕਮਜ਼ੋਰੀਆਂ ਨਾਲ ਧਾਰਨ ਕੀਤਾ,(3) ਪਰ ਪਾਪ ਤੋ ਬਗੈਰ,(4) ਕਿਉਂਕਿ ਉਹ ਮੁਬਾਰਕ ਕੁਆਰੀ ਮਰੀਅਮ ਦੀ ਕੁੱਖ ਵਿੱਚ ਪਵਿੱਤਰ ਆਤਮਾ ਦੀ ਸਕਤੀ ਨਾਲ ਗਰਭ ਧਾਰਨ ਕੀਤਾ ਗਿਆ ਸੀ ਨਾਂ ਕਿ ਕਿਸੀ ਮਨੁੱਖ ਦੇ ਦੁਆਰਾ।(5) ਉਸ ਨੇ ਸਰੀਰ ਵਿੱਚ ਨਾ ਸਿਰਫ ਮਨੁੱਖੀ ਸੁਭਾਉ ਹੀ ਧਾਰਨ ਕੀਤਾ ਪਰ ਸਰੀਰਕ ਆਤਮਾ ਵੀ ਇੱਕ ਅਸਲ ਮਨੁੱਖੀ ਜਨਮ ਵੀ , ਇਸ ਕਰਕੇ ਕਿ ਉਹ ਇੱਕ ਅਸਲ ਮਨੁੱਖ ਹੋਵੇ। ਕਿਉਂਕਿ ਜਾਨ ਵੀ ਸਰੀਰ ਦੇ ਨਾਲ ਹੀ ਗੁਆਈ ਗਈ ਸੀ, ਇਸ ਕਰਕੇ ਇਹ ਜਰੂਰੀ ਸੀ ਕਿ ਉਹ ਦੋਹਾਂ ਨੂੰ ਬਚਾਉਣ ਵਾਸਤੇ ਦੋਹਾਂ ਨੂੰ ਧਾਰਨ ਕਰੇ। Anabaptists ਦੀ ਗਲਤ ਸਿੱਖਿਆ ਦੇ ਉਲਟ ਜੋ ਇਸ

ਦਾ ਇਨਕਾਰ ਕਰਦੇ ਹਨ ਕਿ ਮਸੀਹ ਨੇ ਆਪਣੀ ਮਾਂ ਦੇ ਮਾਸ ਵਿੱਚ ਸ਼ਾਮਲ ਹੋਇਆ, ਅਸੀਂ ਇਸ ਕਰਕੇ ਇਹ ਇਕਰਾਰ ਕਰਦੇ ਹਾਂ ਕਿ ਮਸੀਹ ਨੇ ਵੀ ਬੱਚਿਆਂ ਦੀ ਤਰ੍ਹਾਂ ਸਰੀਰ ਅਤੇ ਲਹੂ ਧਾਰਨ ਕੀਤਾ ਸੀ। ( ਇਬਰਾਨੀਆਂ 2:14); ਉਹ ਦਾਊਦ ਦੀ ਅੰਸ ਤੋਂ ਹੈ ( ਚੇਲਿਆਂ ਦੇ ਕਰਤੱਵ 2:30), ਸਰੀਰਕ ਤੌਰ ਤੇ ਦਾਊਦ ਦੀ ਅੰਸ ਤੋਂ ਪੈਦਾ ਹੋਇਆ (ਗਲਾਤੀਆਂ 4:4); ਦਾਊਦ ਦੇ ਵੰਸ ( ਯਿਰਿਮਯਾਹ 33:15); ਯੱਸੀ ਦੇ ਰੁੱਖ ਦੀ ਟਹਿਣੀ ( ਯਸਾਯਾਹ 11:1); ਯਹੂਦਾਹ ਦੇ ਵੰਸ ਵਿੱਚੋ ਪੈਦਾ ਹੋਇਆ (ਇਬਰਾਨੀਆਂ 7:14); ਸਰੀਰਕ ਤੌਰ ਤੇ ਯਹੂਦੀਆਂ ਵਿੱਚੋਂ ਪੈਦਾ ਹੋਇਆ (ਰੋਮ 9:5); ਅਬਰਾਹਮ ਦੀ ਅੰਸ,(6) ਕਿਉਂਕਿ ਪੁੱਤਰ ਦਾ ਰਿਸਤਾ ਅਬਰਾਹਾਮ ਦੀ ਅੰਸ ਨਾਲ ਸੀ। ਉਸ ਨੂੰ ਵੀ ਹਰ ਤਰੀਕੇ ਨਾਲ ਆਪਣੇ ਭਰਾਵਾਂ ਦੀ ਤਰ੍ਹਾਂ ਹੀ ਹੋਣਾ ਜ਼ਰੂਰੀ ਸੀ, ਪਰ ਪਾਪ ਤੋਂ ਬਗੈਰ ( ਇਬਰਾਨੀਆਂ 2:16,17;ਇਬਰਾਨੀਆਂ 4:15). ਇਸ ਕਰਕੇ, ਉਹ ਸੱਚ ਮੁੱਚ ਹੀ ਸਾਡਾ ਇੰਮਾਨੂਏਲ ਹੈ ਜਿਸ ਦਾ ਅਰਥ ਹੈ, ਪਰਮੇਸ਼ਰ ਅਸਾਡੇ ਨਾਲ ਹੈ, (ਮੱਤੀ 1:23).

1 ਉਤ 26:4; 2ਸਮੂ 7:12-16; ਭਜ 132:11; ਲੂਕ 1:55; ਕਰ 13:23;
2 ਗਲ 4:4;
3 1ਤਿਮੋ 2:5; 1ਤਿਮੋ 3:16; ਇਬ 2:14;
4 2ਕੁਰਿ 5:21; ਇਬ 7:26; 1ਪਤ 2:22.
5 ਮੱਤੀ 1:18; ਲੂਕ 1:35.
6 ਗਲ 3:16.

## ਆਰਟਿਕਲ 19
## ਮਸੀਹ ਦੀ ਇੱਕ ਸਖਸ਼ੀਅਤ ਵਿੱਚ ਦੋ ਸੁਭਾਉ।

ਸਾਡਾ ਵਿਸਵਾਸ ਹੈ ਕਿ ਇਸ ਗਰਭ ਧਾਰਣ ਦੇ ਦੁਆਰਾ ਪਰਮੇਸ਼ਰ ਦੇ ਪੁੱਤਰ ਦੀ ਸਖਸ਼ੀਅਤ ਮਨੁੱਖੀ ਸੁਭਾਉ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਇਸ ਤਰ੍ਹਾਂ ਨਾ ਤਾਂ ਦੋ ਪਰਮੇਸ਼ਰ ਦੇ ਪੁੱਤਰ ਹਨ ਅਤੇ ਨਾ ਹੀ ਦੋ ਸਖਸ਼ੀਅਤਾਂ , ਪਰ ਦੋ ਸੁਭਾਉ ਜੋ ਇੱਕ ਆਦਮੀ ਵਿੱਚ ਜੁੜੇ ਹੋਏ ਹਨ। ਹਰ ਇੱਕ ਸੁਭਾਉ ਦੀ ਆਪਣੀ ਆਪਣੀ ਖੂਬੀ ਹੈ: ਉਸ ਦੇ ਰੱਬੀ ਸੁਭਾਉ ਦੀ ਕਦੀ ਰਚਨਾ ਨਹੀਂ ਹੋਈ, ਨਾ ਹੀ ਉਸ ਦੇ ਦਿਨਾ ਦਾ ਅਰੰਭ ਅਤੇ ਨਾ ਹੀ ਜੀਵਨ ਦਾ ਅੰਤ।(ਇਬਰਾਨੀਆਂ 7:3), ਉਹ ਅਕਾਸ਼ ਅਤੇ ਧਰਤੀ ਵਿੱਚ ਸਮਾਇਆ ਹੋਇਆ। (2) ਇਸ ਦੇ ਮਨੁੱਖੀ ਸੁਭਾਉ ਨੇ ਆਪਣੀਆਂ ਖੂਬੀਆਂ ਨੂੰ ਨਹੀਂ ਛੱਡਿਆ; ਉਸ ਦੇ ਜੀਵਨ ਦੇ ਦਿਨਾ ਦਾ ਆਰੰਭ ਹੈ ਅਤੇ ਉਹ ਰਚਿਆ ਗਿਆ ਸੀ। ਉਸ ਦੀ ਹੱਦ ਹੈ ਅਤੇ ਉਸ ਵਿੱਚ ਸੱਚੇ ਸਰੀਰ ਦੀਆ ਸਾਰੀਆ ਖੂਬੀਆ ਹਨ। (3) ਭਾਵੇ ਮੁਰਦਿਆ ਵਿੱਚੋਂ ਜ਼ਿੰਦਾ ਹੋਣ ਦੇ ਦੁਆਰਾ , ਉਸ ਨੇ ਆਪਣੇ ਸੁਭਾਅ ਨੂੰ ਅਮਰਤਾ ਪ੍ਰਦਾਨ



ਕਰ ਦਿੱਤੀ। ਉਸ ਨੇ ਇਸ ਦੀ ਅਸਲੀਅਤ ਨੂੰ ਨਹੀਂ ਬਦਲਿਆ (4) ਕਿਉਂਕਿ ਸਾਡੀ ਮੁਕਤੀ ਅਤੇ ਦੁਬਾਰਾ ਜੀ ਉੱਠਣਾ ਉਸ ਦੇ ਸਰੀਰ ਦੀ ਅਸਲੀਅਤ ਤੇ ਨਿਰਭਰ ਹੈ।(5) ਫਿਰ ਵੀ ਇਹ ਦੋਵੇਂ ਸੁਭਾਉ ਇੱਕ ਸਰੀਰ ਵਿੱਚ ਐਨੀ ਮਜਬੂਤੀ ਨਾਲ ਜੁੜੇ ਹੋਏ ਹਨ ਕਿ ਉਸ ਦੀ ਮੌਤ ਦੁਆਰਾ ਵੀ ਇਹ ਇੱਕ ਦੂਸਰੇ ਤੋਂ ਜੁਦਾ ਨੀ ਸੀ ਕੀਤੇ ਗਏ।ਇਸ ਕਰਕੇ ਉਸ ਨੇ, ਮਰਨ ਵੇਲੇ, ਆਪਣੇ ਪਿਤਾ ਦੇ ਹਵਾਲੇ ਕੀਤਾ ਉਹ ਸੱਚੀ ਮਨੁੱਖੀ ਆਤਮਾ ਸੀ ਜੋ ਉਸ ਦੇ ਸਰੀਰ ਤੋਂ ਜੁਦਾ ਹੋਈ।(6) ਜਦ ਕਿ ਉਸ ਦੀ ਈਸ਼ਰਤਾਈ ਉਸ ਦੇ ਸਰੀਰਕ ਸੁਭਾਉ ਨਾਲ ਸਦਾ ਜੁੜੀ ਰਹੀ,ਇੱਥੋ ਤਕ ਕਿ ਉਸ ਵੇਲੇ ਵੀ ਜਿਸ ਵੇਲੇ ਉਹ ਕਬਰ ਵਿੱਚ ਸੀ।(7) ਉਸ ਦਾ ਈਸ੍ਰਰੀ ਸੁਭਾਓ ਸਦਾ ਉਸ ਦੇ ਨਾਲ ਹੀ ਰਿਹਾ ਜਿਸ ਤਰ੍ਹਾਂ ਕਿ ਜਿਸ ਵੇਲੇ ਉਹ ਛੋਟਾ ਸੀ, ਉਹ ਉਸ ਦੇ ਨਾਲ ਸੀ, ਭਾਵੇ ਉਸ ਨੇ ਆਪਣੇ ਆਪ ਨੂੰ ਥੋੜੇ ਸੱਮੇ ਵਾਸਤੇ ਉਸ ਤਰੀਕੇ ਨਾਲ ਜਾਹਰ ਨਹੀ ਕੀਤਾ ਸੀ।ਇਸ ਕਰਕੇ ਅਸੀਂ ਉਸ ਦੇ ਅਸਲ ਪਰਮੇਸ਼ਰ ਅਤੇ ਅਸਲ ਮਨੁੱਖ ਹੋਣ ਦਾ ਵਿਸ਼ਵਾਸ ਕਰਦੇ ਹਾ: ਅਸਲ ਪ੍ਰਮੇਸ਼ਰ ਇਸ ਕਰਕੇ ਕਿ ਉਹ ਆਪਣੀ ਸਕਤੀ ਨਾਲ ਮੌਤ ਨੂੰ ਜਿੱਤ ਲਵੇ; ਅਤੇ ਅਸਲ ਮਨੁੱਖ ਇਸ ਕਰਕੇ ਕਿ ਉਹ ਆਪਣੀ ਸਰੀਰਕ ਕੰਮਜ਼ੋਰੀ ਅਨੁਸਾਰ ਸਾਡੇ ਵਾਸਤੇ ਮਰਿਆ ਜਾਵੇ।

1 ਯੂਹ 1:14; ਯੂਹ 10:30; ਰੋਮ 9:5; ਫਿਲਿ 2:6,7
2 ਮੱਤੀ 28:20.
3 1ਤਿਮੋ 2:5
4 ਮਤੀ 16:11; ਲੂਕ 24 ;39; ਯੂਹ 20:25; ਕਰ1:3,11; ਕਰ3:21; ਇਬ 2:9
5 1ਕੁਰਿ 15:21; ਫਿਲਿ 3:21.
6 ਮਤੀ 27:50
7 ਰੋਮ 4:25

## ਆਰਟਿਕਲ 20
## ਮਸੀਹ ਵਿੱਚ ਪਰਮੇਸ਼ਰ ਦਾ ਰਹਿਮ ਅਤੇ ਇੰਨਸਾਫ

ਅਸੀ ਵਿਸ਼ਵਸ ਕਰਦੇ ਹਾਂ ਕਿ ਪਰਮੇਸ਼ਰ ਨੇ, ਜੋ ਪੂਰੇ ਤੌਰ ਤੇ ਕਿਰਪਾਲੂ ਅਤੇ ਧਰਮੀ ਹੈ, ਆਪਣੇ ਪੁੱਤਰ ਨੂੰ ਭੇਜਿਆ ਕਿ ਉਸ ਉਸ ਸੁਭਾਉ ਨੂੰ ਧਾਰਨ ਕਰੇ ਜਿਸ ਵਿੱਚ ਨਾ ਫਰਮਾਨੀ ਕੀਤੀ ਗਈ ਸੀ, (1) ਉਸੇ ਸੁਭਾਉਂ ਵਿੱਚ ਹੀ ਸੰਤੁਸ਼ਟੀ ਪ੍ਰਦਾਨ ਕਰਨ ਅਤੇ ਪਾਪ ਦੀ ਸਜਾ ਨੂੰ ਆਪਣੀ ਹੀ ਕੌੜੀ ਮਨੋਭਾਵਨਾ ਅਤੇ ਮੌਤ ਨਾਲ ਸਹਾਰਨ ਵਾਸਤੇ।(2) ਇਸ ਕਰਕੇ ਪਰਮੇਸ਼ਰ ਆਪਣਾ ਨਿਆ ਆਪਣੇ ਪੁੱਤਰ ਦੇ ਵਿਰੁੱਧ ਜਾਹਰ ਕੀਤਾ ਜਿਸ ਵੇਲੇ ਉਸ ਨੇ ਸਾਡੇ ਪਾਪਾਂ ਦੀ ਸਜ਼ਾ ਨੂੰ ਉਸ ਉੱਤੇ ਲੱਦਿਆ,(3) ਉਸ ਦੀ ਭਲਾਈ ਅਤੇ ਰਹਿਮ ਸਾਨੂੰ ਬਖਸੇ ਜੋ

ਕਿ ਦੋਸ਼ੀ ਅਤੇ ਨਿੰਦਾ ਯੋਗ ਸੀ। ਆਪਣੇ ਸੰਪੂਰਨ ਪ੍ਰੇਮ ਵਜੋਂ ਉਸ ਨੇ ਆਪਣੇ ਪੁੱਤਰ ਨੂੰ ਸਾਡੇ ਵਾਸਤੇ ਮਰਨ ਨੂੰ ਦਿੱਤਾ ਅਤੇ ਸਾਨੂੰ ਧਰਮੀ ਠਹਿਰਾਉਣ ਵਾਸਤੇ ਉਸ ਨੂੰ ਮੁਰਦਿਆ ਵਿੱਚੋਂ ਜਿਦਾ ਕੀਤਾ(4) ਤਾਂ ਜੋ ਅਸੀਂ ਉਸ ਦੇ ਰਾਹੀਂ ਅਰਮਤਾ ਅਤੇ ਸਦਾ ਦਾ ਜੀਵਨ ਪਾਈਏ।

1 ਰੋਮ 8:3.
2 ਇਬ 2:14.
3 ਰੋਮ 3:25,26; ਰੋਮ 8:32.
4 ਰੋਮ 4:25.

## ਆਰਟਿਕਲ 21
## ਸਾਡੇ ਮਹਾਂ ਜਾਜਕ,ਮਸੀਹ,ਦੀ ਸੰਤੁਸ਼ਟੀ

ਸਾਡਾ ਵਿਸ਼ਵਾਸ ਹੈ ਕਿ ਯਿਸੂ ਮਸੀਹ ਜੀ ਸਦਾ ਇੱਕ ਸਹੁੰ ਦੇ ਰਾਹੀਂ ਸਾਡੇ ਮਹਾਂ ਜਾਜਕ ਦੇ ਤੌਰ ਤੇ ਪੁਸ਼ਟੀ ਹੋਈ ਸੀ, ਜੋ ਮਲਕਿ- ਸਿਦਕ ਦੀ ਰੀਤ ਦੇ ਅਨੁਸਾਰ ਸੀ। (1) ਉਸ ਨੇ ਆਪਣੇ ਆਪ ਨੂੰ ਸਾਡੀ ਥਾਂ ਆਪਣੇ ਪਿਤਾ ਦੇ ਸਾਹਮਣੇ ਪੇਸ਼ ਕੀਤਾ, ਅਤੇ ਪ੍ਰਮੇਸ਼ਵਰ ਦੇ ਕ੍ਰੋਧ ਨੂੰ ਪੂਰੀ ਤਰ੍ਹਾਂ ਸ਼ਾਂਤ ਕੀਤਾ। (2) ਆਪਣੇ ਨੂੰ ਸਲੀਬ ਉੱਤੇ ਦੇ ਦਿੱਤਾ ਜਿੱਥੇ ਉਸ ਨੇ ਸਾਡੇ ਪਾਪਾਂ ਨੂੰ ਦੂਰ ਕਰਨ ਲਈ ਆਪਣਾ ਬਹੁਮੁੱਲਾ ਲਹੂ ਵਹਾਇਆ ਸੀ।(3) ਜਿਸ ਤਰ੍ਹਾਂ ਕਿ ਨਬੀਆਂ ਨੇ ਭਵਿੱਖ ਬਾਣੀ ਕੀਤੀ ਸੀ।(4) ਇਸ ਕਰਕੇ ਲਿਖਿਆ ਹੈ ਪਰ ਉਹਦੇ ਸਜ਼ਾ ਸਹਿਣ ਕਾਰਨ ਅਸੀਂ ਚੰਗੇ ਕੀਤੇ ਗਏ ਅਤੇ ਉਸ ਦੇ ਮਾਰ ਖਾਣ ਨਾਲ ਅਸੀਂ ਨਰੋਏ ਕੀਤੇ ਗਏ।(5) ਜਿਸ ਤਰ੍ਹਾਂ ਲੇਲਾ ਵੱਢੇ ਜਾਣ ਦੇ ਸਮੇ ਚੁੱਪ ਰਹਿੰਦਾ, ਉਸ ਦੀ ਗਿਣਤੀ ਦੋਸੀਆਂ ਵਿੱਚ ਕੀਤੀ ਗਈ (ਯਸਾਯਾਹ 53:5,7,12), (6) ਪੁੰਤਿਉਸ ਪਿਲਾਤੂਸ ਵਲੋਂ ਇੱਕ ਦੋਸੀ ਦੀ ਤਰ੍ਹਾਂ ਸ਼ਜਾ ਦਿੱਤੀ ਗਈ, ਚਾਹੇ ਪਹਿਲਾਂ ਉਸ ਨੂੰ ਨਿਰਦੋਸ਼ ਕਹਿ ਚੁੱਕਾ ਸੀ।(7) ਜੋ ਉਸ ਨੇ ਚੋਰੀ ਨਹੀਂ ਸੀ ਕੀਤਾ ਉਹ ਉਸ ਨੂੰ ਦੇਣਾ ਪਿਆ (ਭਜਨ 69:4)। ਉਹ ਧਰਮੀ ਦੀ ਤਰ੍ਹਾਂ ਅਧਰਮੀਆਂ ਵਾਸਤੇ ਮਰਿਆ (1ਪਤਰਸ 3:18)। (8) ਉਸ ਨੇ ਸਰੀਰਕ ਅਤੇ ਆਤਮਕ ਤੋਰ ਤੇ ਦੁੱਖ ਸਹਿ ਲਿਆ, (9) ਉਹ ਭਿਆਨਕ ਸਜਾ ਨੂੰ ਮਹਿਸੂਸ ਕਰਦੇ ਹੋਏ ਜੋ ਸਾਡੇ ਪਾਂਪਾ ਦੇ ਕਾਰਣ ਦਿੱਤੀ ਗਈ ਸੀ, ਅਤੇ ਉਸ ਦਾ ਮੁੜ੍ਹਕਾ ਲਹੂ ਦੀਆਂ ਬੂੰਦਾ ਦੀ ਤਰ੍ਹਾਂ ਜਮੀਨ ਉਤੇ ਡਿੱਗਿਆ ਸੀ (ਲੂਕਾ 22:44)। ਅੰਤ ਉਸ ਨੇ ਉੱਚੀ ਅਵਾਜ਼ ਵਿੱਚ ਚਿੱਲਾ ਕੇ ਕਿਹਾ, ਹੇ ਮੇਰੇ ਪਰਮੇਸ਼ਰ ਹੇ ਮੇਰੇ ਪਰਮੇਸ਼ਰ ਤੂੰ ਮੈਨੂੰ ਕਿਉਂ ਛੱਡ ਦਿੱਤਾ ਹੈ ( ਮੱਤੀ 27:46)? ਇਹ ਸਾਰਾ ਕੁੱਝ ਉਸ ਨੇ ਸਾਡੇ ਪਾਂਪਾ ਦੀ ਮੁਆਫੀ ਵਾਸਤੇ ਦੁੱਖ ਉਠਾਇਆ। ਇਸ ਕਰਕੇ, ਅਸੀ ਇਹ ਠੀਕ ਹੀ ਕਹਿੰਦੇ ਹਾਂ, ਕਿ ਅਸੀਂ ਯਿਸੂ ਮਸੀਹ ਜਿਹੜਾ ਸਲੀਬ ਦੀ ਮੌਤ ਮੋਇਆ ਸੀ ਉਸ ਤੋਂ ਬਗੈਰ ਕੁੱਝ ਨਹੀਂ ਜਾਣਦੇ



(1 ਕੁਰਿੰਥੁਸ 2:2). ਅਸੀਂ ਮਸੀਹ ਯਿਸੂ ਨੂੰ ਆਪਣਾ ਪ੍ਰਭੂ ਜਾਨਣ ਨੂੰ ਸਭ ਚੀਜਾ ਤੋ ਉੱਤਮ ਜਾਣਦੇ ਹੋਏ ਹੋਰ ਸੱਭ ਕੁੱਝ ਨੂੰ ਉਸ ਦੇ ਮੁਕਾਬਲੇ ਵਿੱਚ ਘਟੀਆ ਗਿਣਦੇ ਹਾਂ ਅਤੇ ਉਸ ਕਾਰਨ ਸੱਭ ਕੁੱਝ ਤਿਆਗ ਦਿੱਤਾ ਹੈ (ਫਿਲਿ 3:8)। ਅਸੀਂ ਉਸ ਦੇ ਜ਼ਖਮਾਂ ਵਿੱਚ ਦਿਲਾਸਾ ਪਾਉਂਦੇ ਹਾ ਅਤੇ ਸਾਨੂੰ ਪਰਮੇਸ਼ਰ ਨਾਲ ਮੇਲ ਮਿਲਾਪ ਕਰਨ ਵਾਸਤੇ ਕਿਸੀ ਹੋਰ ਚੀਜ਼ ਵਾਰੇ ਖੋਜਣ ਜਾਂ ਭਾਲਣ ਦੀ ਲੋੜ ਨਹੀ ਹੈ, ਸਿਵਾਏ ਇਸ ਕੁਰਬਾਨੀ ਦੇ, ਜੋ ਇੱਕੋ ਵਾਰ ਦਿਤੀ ਗਈ ਅਤੇ ਜਿਸ ਦੇ ਰਾਹੀਂ ਵਿਸ਼ਵਾਸ ਰੱਖਣ ਵਾਲੇ ਸਦਾ ਵਾਸਤੇ ਸੰਪੂਰਨ ਕੀਤੇ ਗਏ ਹਨ।(ਇਬਰਾਨੀਆਂ 10:14)। (10) ਇਹੋ ਹੀ ਕਾਰਣ ਹੈ ਕਿ ਪਰਮੇਸ਼ਰ ਦੇ ਸੁਰਗਦੂਤ ਨੇ ਉਸ ਨੂੰ ਯਿਸੂ ਕਿਹਾ, ਭਾਵ ਮੁਕਤੀਦਾਤਾ, ਕਿਉਕਿ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਂਪਾ ਤੋਂ ਬਚਾਏਗਾ (ਮੱਤੀ 1:21)। (11)

1 ਭਜ 110:4; ਇਬ 7:15-17.
2 ਰੋਮ 4:25; ਰੋਮ 5:8,9; ਰੋਮ 8:32; ਗਲ 3:13; ਕੁਲੁ 2:14; ਇਬ 2:9,17; ਇਬ 911-15.
3 ਕਰ 2:23; ਫਿਲਿ 2:8; 1ਤਿਮੋ 1:15; ਇਬ 9:22; 1ਪਤ 1:18,19; 1ਯੂਹ 1:7; ਪਰ 7:14.
4 ਲੂਕ 24:25-27; ਰੋਮ 3:21; ਕੁਰਿ 15:3.
5 1ਪਤ 2:24
6 ਮਰ 15:28
7 ਯੂਹ 18:38
8 ਰੋਮ 5:6
9 ਭਜ 22:15
10 ਇਬ 7:26-28; ਇਬ 9:24-28.
11 ਲੂਕ 1:31; ਕਰ 4;12.

## ਆਰਟਿਕਲ 22
## ਮਸੀਹ ਉੱਤੇ ਵਿਸ੍ਵਾਸ ਕਰਨ ਨਾਲ ਸਾਡਾ ਧਰਮੀ ਠਹਿਰਾਇਆ ਜਾਣਾ

ਅਸੀਂ ਇਸ ਵੱਢੇ ਭੇਦ ਨੂੰ ਪ੍ਰਾਪਤ ਕਰਨ ਲਈ ਵਿਸ੍ਵਾਸ ਕਰਦੇ ਹਾਂ ਕਿ ਪਵਿੱਤਰ ਆਤਮਾ ਸਾਡੇ ਦਿਲਾਂ ਵਿੱਚ ਇੱਕ ਸੱਚਾ ਵਿਸ੍ਵਾਸ ਦਾ ਚਾਨਣ ਚਮਕਾਉਦਾ ਹੈ। (1) ਇਹ ਵਿਸ੍ਵਾਸ ਉਸ ਦੀਆਂ ਸਾਰੀਆਂ ਖੂਬੀਆਂ ਸਮੇਤ ਯਿਸੂ ਮਸੀਹ ਨੂੰ ਗੱਲੇ ਲਾ ਲੈਂਦਾ ਹੈ, ਉਸ ਨੂੰ ਸਾਡਾ ਆਪਣਾ ਬਣਾ ਲੈਂਦਾ ਹੇ ਅਤੇ ਉਸ ਤੋਂ ਵਗੈਰ ਹੋਰ ਕਿਸੀ ਚੀਜ ਦੀ ਭਾਲ ਨਹੀਂ ਕਰਦਾ (2) ਕਿਉਂਕਿ ਇਹ ਜਰੂਰੀ ਹੈ ਕਿ ਅਸੀਂ ਇਸੇ ਹੀ ਵਿਚਾਰ ਨੂੰ ਮੰਨੀਏ ਕਿ ਜਾਂ ਤਾਂ ਜੋ ਵੀ ਸਾਨੂੰ ਸਾਡੀ ਮੁਕਤੀ ਵਾਸਤੇ ਜਰੂਰਤ ਹੈ ਉਹ ਮਸੀਹ ਯਿਸੂ ਵਿੱਚ ਨਹੀਂ ਹੈ, ਜਾਂ ਫਿਰ ਇਹ ਸਭ ਕੁੱਝ ਉਸ ਵਿੱਚ ਹੈ, ਫਿਰ ਜਿਸ ਦਾ ਵਿਸ੍ਵਾਸ ਮਸੀਹ ਯਿਸੂ

ਦੇ ਉੱਤੇ ਹੈ ਉਸ ਕੋਲ ਪੂਰੀ ਮੁਕਤੀ ਹੈ। (3) ਇਸ ਕਰਕੇ, ਇਹ ਵਿਚਾਰ ਰੱਖਣਾ ਇੱਕ ਬਹੁਤ ਭਿਆਨਕ ਬੇਅਦਬੀ ਕਿ ਮਸੀਹ ਕਾਫੀ ਨਹੀਂ ਹੈ ਪਰ ਉਸ ਤੋਂ ਬਿਨ੍ਹਾਂ ਕੁੱਝ ਹੋਰ ਵੀ ਚਾਹੀਦਾ ਹੈ; ਕਿਉਂਕਿ ਫਿਰ ਸਿੱਟਾ ਇਹ ਹੀ ਨਿਕਲੇਗਾ ਕਿ ਮਸੀਹ ਸਿਰਫ ਅਧੂਰਾ ਮੁਕਤੀਦਾਤਾ ਹੀ ਹੈ। ਇਸ ਕਰਕੇ ਅਸੀਂ ਪੌਲੁਸ ਰਸੂਲ ਦੇ ਨਾਲ ਠੀਕ ਹੀ ਕਹਿੰਦੇ ਹਾਂ ਕਿ ਅਸੀਂ ਸਿਰਫ ਨਿਹਚਾ ਦੇ ਰਾਹੀਂ ਹੀ ਧਰਮੀ ਠਹਿਰਾਏ ਗਏ ਹਾਂ ਜਾਂ ਫਿਰ ਬਿਵਸਥਾ ਦੇ ਕੰਮਾਂ ਤੋ ਬਿਨਾਂ ਨਿਹਚਾ ਰਾਹੀਂ (ਰੋਮ 3:28) (4) ਸੱਚਮੁੱਚ ਸਾਡੇ ਇਸ ਤਰ੍ਹਾਂ ਆਖਣ ਦਾ ਇਹ ਭਾਵ ਨਹੀਂ ਜਿਸ ਤਰ੍ਹਾਂ ਕਿ ਵਿਸ਼ਵਾਸ ਹੀ ਸਾਨੂੰ ਧਰਮੀ ਠਹਿਰਾਉਂਦਾ ਹੋਵੇ (5) ਕਿਉਂਕਿ ਵਿਸ਼ਵਾਸ ਤਾਂ ਇਕ ਵਸੀਲਾ ਹੈ ਜਿਸ ਰਾਹੀਂ ਅਸੀਂ ਮਸੀਹ ਸਾਡੀ ਧਾਰਮਕਤਾ ਨੂੰ ਗਲ ਲਾਉਂਦੇ ਹਾਂ; ਉਹ ਆਪਣੀਆ ਸਾਰੀ ਖੂਬੀਆਂ ਅਤੇ ਸਾਰੇ ਦੇ ਸਾਰੇ ਪਵਿੱਤਰ ਕੰਮ ਜਿਹੜੇ ਉਸਨੇ ਸਾਡੇ ਵਾਸਤੇ ਅਤੇ ਸਾਡੀ ਜਗ੍ਹਾਂ ਕੀਤੇ ਸਾਡੇਖਾਤੇ ਜਮ੍ਹਾਂ ਕਰਦਾ ਹੈ (6) ਇਸ ਕਰਕੇ ਯਿਸੂ ਸਾਡੀ ਧਾਰਮਿਕਤਾ ਹੈ ਅਤੇ ਵਿਸ਼ਵਾਸ ਇੱਕ ਵਸੀਲਾ ਹੈ ਜੋ ਸਾਨੂੰ ਉਸਦੇ ਸਾਰੇ ਲਾਭਾਂ ਦੇ ਨਾਲ ਜੋੜੀ ਰੱਖਦਾ ਹੈ। ਜਿਸ ਵੇਲੇ ਇਹ ਲਾਭ ਸਾਡੇ ਆਪਣੇ ਹੋ ਜਾਂਦੇ ਹਨ ਤਾਂ ਇਹ ਸਾਡੇ ਵਾਸਤੇ ਪਾਪਾਂ ਦੀ ਮੁਆਫੀ ਲਈ ਕਾਫੀ ਤੋ ਵਧਕੇ ਹਨ।

1 ਯੂਹ 16:14; 1ਕੁਰਿ 2:12; ਅਫ 1:17-18.
2 ਯੂਹ 14:6; ਕਰ 4:12; ਗਲ 2:21
3 ਭਜ 32:1; ਮਤੀ 1:21; ਲੂਕ 1:77; ਕਰ 13:38, 39; ਰੋਮ 8:1
4 ਰੋਮ 3:19-4:8; ਰੋਮ 10:4-11; ਗਲ 2:16; ਫਿਲਿ 3:9; ਤੀਤੁ 3:5
5 1ਕੁਰਿ 4:7
6 ਯਿਰ 23:6; ਮਤੀ 20:28; ਰੋਮ 8;33; 1ਕੁਰਿ 1:30, 31; 2 ਕੁਰਿ 5:21; 1ਯੂਹ 4:10

## ਆਰਟਿਕਲ 23
## ਪ੍ਰਮੇਸ਼ਵਰ ਦੀ ਹਜ਼ੂਰੀ ਵਿੱਚ ਸਾਡੀ ਧਾਰਮਿਕਤਾ

ਸਾਡਾ ਵਿਸ਼ਵਾਸ ਹੈ ਕਿ ਸਾਡਾ ਮੁਬਾਰਕ ਹੋਣਾ ਯਿਸੂ ਦੇ ਕਾਰਣ ਸਾਡੀ ਮੁਆਫੀ ਵਿੱਚ ਹੀ ਹੈ ਅਤੇ ਇਸੇ ਕਾਰਨ ਪ੍ਰਮੇਸ਼ਵਰ ਦੇ ਹਜ਼ੂਰ ਸਾਡੀ ਧਾਰਮਿਕਤਾ ਪਾਈ ਜਾਂਦੀ ਹੈ (1) ਜਿਸ ਤਰ੍ਹਾ ਕਿ ਦਾਊਦ ਅਤੇ ਪੌਲੁਸ ਸਾਨੂੰ ਸਿਖਾਉਂਦੇ ਹਨ। ਉਹ ਉਸ ਮਨੁੱਖ ਨੂੰ ਮੁਬਾਰਕ ਆਖਦੇ ਹਨ ਜਿਸ ਨੂੰ ਪ੍ਰਮੇਸ਼ਵਰ ਬਿਨ੍ਹਾਂ ਉਸਦੇ ਕੰਮ ਤੋਂ ਧਰਮੀ ਸਮਝਦਾ ਹੈ। ਰੋਮ 4:6; ਭਜਲ 32:1) ਰਸੂਲ ਇਹ ਵੀ ਕਹਿੰਦਾ ਹੈ ਕਿ ਅਸੀਂ ਉਸ ਦੀ ਕ੍ਰਿਪਾ ਕਰਕੇ ਜੋ ਇੱਕ ਤੋਹਫਾ ਹੈ, ਉਸ ਛੁਟਕਾਰੇ ਦੇ ਰਾਹੀਂ ਧਰਮੀ ਠਹਿਰਾਈ ਜਾਂਦੇ ਹਾਂ ਜੋ ਮਸੀਹ ਯਿਸੂ ਵਿੱਚ ਹੈ। (ਰੋਮ 3:24) (2) ਇਸ ਕਰਕੇ, ਅਸੀਂ ਇੱਸ ਪੱਕੀ ਬੁਨਿਆਦ ਨੂੰ ਪਕੜੀ



ਰੱਖਦੇ ਹਾਂ। ਅਸੀਂ ਸਾਰੀ ਮਹਿਮਾ ਪ੍ਰਮੇਸ਼ਵਰ ਨੂੰ ਦਿੰਦੇ ਹਾ। (3) ਉਸ ਦੇ ਹਜ਼ੂਰ ਅਸੀਂ ਆਪਣੇ ਆਪ ਨੂੰ ਨੀਵਾਂ ਦਿਖਾਉਂਦੇ ਹਾਂ ਅਤੇ ਜੋ ਕੁੱਝ ਵੀ ਅਸੀਂ ਹਾਂ ਉਸ ਨੂੰ ਮੰਨ ਲੈਂਦੇ ਹਾਂ। ਅਸੀਂ ਆਪਣੇ ਵਾਸਤੇ ਆਪਣੀਆਂ ਖੂਬੀਆਂ ਕਰਕੇ ਕਿਸੇ ਚੀਜ਼ ਉਤੇ ਆਪਣਾ ਹੱਕ ਨਹੀਂ ਜਤਾਉਂਦੇ (4) ਪਰ ਮਸੀਹ ਯਿਸੂ ਜੋ ਸਲੀਬੀ ਮੌਤ ਮਰਿਆ ਉਸ ਦੀ ਆਗਿਆਕਾਰੀ ਉਤੇ ਭਰੋਸਾ ਰੱਖਦੇ ਹਾਂ (5) ਉਸ ਦੀ ਆਗਿਆਕਾਰੀ ਸਾਡੀ ਆਪਣੀ ਹੋ ਜਾਂਦੀ ਹੈ, ਜਿਸ ਵੇਲੇ ਅਸੀਂ ਉਸ ਉਤੇ ਵਿਸ਼ਵਾਸ ਕਰਦੇ ਹਾਂ (6) ਇਹ ਸਾਰੇ ਪਾਪਾਂ ਨੂੰ ਢੱਕਣ ਵਾਸਤੇ ਕਾਫੀ ਹੈ ਅਤੇ ਪ੍ਰਮੇਸਵਰ ਦੇ ਨੇੜੇ ਆਉਣ ਲਈ ਸਾਨੂੰ ਦਲੇਰੀ ਦਿੰਦਾ ਹੈ, ਇਹ ਸਾਡੀ ਜਮੀਰ ਨੂੰ ਡਰ, ਖੌਫ, ਅਤੇ ਬਹੁਤ ਜਿਆਦਾ ਫਿਕਰ ਤੋਂ ਅਜਾਦ ਕਰਦਾ ਹੈ ਤਾ ਜੋ ਅਸੀਂ ਆਪਣੇ ਪਹਿਲੇ ਪਿਤਾ ਆਦਮ ਦੀ ਮਿਸਾਲ ਤੇ ਨਾ ਚਲੀਏ ਜਿਸ ਨੇ ਕੰਬਦੇ ਅਤੇ ਡਰਦੇ ਹੋਇਆ ਆਪਣੇ ਆਪ ਨੂੰ ਅੰਜੀਰ ਦੇ ਪੱਤਿਆਂ ਨਾਲ ਢੱਕਣ ਦੀ ਕੋਸ਼ਿਸ਼ ਕੀਤੀ ਸੀ (7) ਕਿਉਂਕਿ ਅਸਲ ਵਿੱਚ, ਜੇਕਰ ਅਸੀਂ ਖੁੱਦ ਪ੍ਰਮੇਸ਼ਵਰ ਦੇ ਹਜ਼ੂਰ ਜਾਈਏ, ਆਪਣੇ ਆਪ ਉਤੇ ਜਾਂ ਫਿਰ ਸਰਿਸ਼ਟੀ ਦੀ ਹੋਰ ਕਿਸੇ ਵੀ ਵਸਤੂ ਉਤੇ ਥੋੜਾ ਜਿਹਾ ਭਰੋਸੇ ਰੱਖਦੇ ਹੋਏ ਤਾਂ ਸਾਡੇ ਉੱਤੇ ਹਾਇ। ਅਸੀਂ ਤਾਂ ਭਸਮ ਹੋ ਜਾਵਾਂਗੇ (8) ਇਸ ਕਰਕੇ, ਹਰ ਇੱਕ ਨੂੰ ਦਾਊਦ ਦੇ ਨਾਲ ਇਹ ਜਰੂਰ ਕਹਿਣਾ ਪੈਂਦਾ ਹੈ, ਆਪਣੇ ਬੰਦੇ ਨੂੰ ਸਜਾ ਨਾ ਦੇਹ ਕਿਉਂਕਿ ਤੇਰੀ ਨਜ਼ਰ ਵਿੱਚ ਕੋਈ ਆਦਮੀ ਧਰਮੀ ਨਹੀ ਠਹਿਰ ਸਕਦਾ। (ਭਜਨ 143:2)

1 1 ਯੂਹ 2:1
2 2 ਕੁਰਿ 5:18, 19; ਅਫ 2:8; 1 ਤਿਮੋ 2:6.
3 ਭਜ 115:1; ਪਰ 7:10-12.
4 1 ਕੁਰਿ 4:4; ਯਾਕੂ 2:10.
5 ਕਰ 4:12 ; ਇਬ 10:20.
6 ਰੋਮ 4:23-25
7 ਉਤ 3:7; ਸਫ 3:11; ਇਬ 4:16; 1 ਯੂਹ 4:17-19
8 ਲੂਕ 16:15; ਫਿਲਿ 3:4-9

## ਆਰਟਿਕਲ 24
## ਸਾਡਾ ਪਵਿੱਤਰ ਕੀਤਾ ਜਾਣਾ ਅਤੇ ਚੰਗੇ ਕੰਮ

ਸਾਡਾ ਵਿਸ਼ਵਾਸ ਹੈ ਕਿ ਇਸ ਸੱਚੇ, ਵਿਸ਼ਵਾਸ ਨੇ ਮਨੁੱਖ ਵਿੱਚ ਪ੍ਰਮੇਸ਼ਵਰ ਦੀ ਬਾਣੀ ਸੁਣਨ ਨਾਲ ਅਤੇ ਪਵਿੱਤਰ ਆਤਮਾ ਦੇ ਕਾਰਜ ਦੁਆਰਾ ਕੰਮ ਕੀਤਾ ਸੀ। (1) ਇਹ ਮਨੁੱਖ ਨੂੰ ਨਵਾਂ ਜਨਮ ਦਿੰਦਾ ਹੈ ਅਤੇ ਉਸ ਨੂੰ ਇੱਕ ਨਵਾਂ ਮਨੁੱਖ ਬਣਾ ਦਿੰਦਾ ਹੈ (2) ਇਹ ਉਸ ਨੂੰ ਨਵਾਂ ਜੀਵਨ ਜੀਉਣ ਲਈ ਜਿੰਦਾ ਰੱਖਦਾ ਅਤੇ ਉਸਨੂੰ ਪਾਪ ਦੀ ਗੁਲਾਮੀ ਤੋਂ ਅਜ਼ਾਦ ਰੱਖਦਾ ਹੈ। (3) ਇਸ ਕਰਕੇ, ਇਸਦਾ ਇਹ ਸੱਚ ਨਹੀਂ ਕਿ ਇਹ ਧਰਮੀ ਠਹਿਰਾਉਣ ਵਾਲਾ

ਵਿਸ਼ਵਾਸ ਇੱਕ ਚੰਗਾ ਅਤੇ ਪਵਿੱਤਰ ਜੀਵਨ ਬਿਤਾਉਣ ਵਾਸਤੇ ਮਨੁੱਖ ਨੂੰ ਬੇਪਰਵਾਹ ਬਣਾ ਦਿੰਦਾ ਹੈ । (4) ਇਸ ਦੇ ਉਲਟ ਕੋਈ ਵੀ ਪ੍ਰਮੇਸ਼ਵਰ ਪ੍ਰਤੀ ਪਿਆਰ ਤੋ ਬਿਨਾਂ ਕਦੀ ਵੀ ਕੁੱਝ ਨਹੀਂ ਕਰ ਸਕੇਗਾ (5) ਪਰ ਸਿਰਫ ਸਵੈ ਪਰੇਮ ਦੇ ਕਾਰਨ ਜਾਂ ਇਸ ਡਰ ਦੇ ਕਰਕੇ ਕਿ ਉਹ ਕਸੂਰਵਾਰ ਨਾ ਠਹਿਰਾਇਆ ਜਾਵੇ। ਇਸ ਕਰਕੇ ਇਸ ਪਵਿੱਤਰ ਵਿਸ਼ਵਾਸ ਵਾਸਤੇ ਅਸੰਭਵ ਹੈ ਕਿ ਇਹ ਮਨੁੱਖ ਅੰਦਰ ਕਾਰਜ ਰਹਿਤ ਰਹੇ। ਕਿਉਂਕਿ ਅਸੀਂ ਕਿਸੇ ਵੀ ਖਾਲੀ ਵਿਸ਼ਵਾਸ ਦੀ ਗੱਲ ਨਹੀਂ ਕਰਦੇ ਪਰ ਜੋ ਪਵਿੱਤਰ ਬਾਣੀ ਕਹਿੰਦੀ ਹੈ, ਉਹ ਵਿਸ਼ਵਾਸ ਜੋ ਪਿਆਰ ਦੇ ਰਾਹੀਂ ਕੰਮ ਕਰਦਾ ਹੈ (ਗਲਾਤੀਆਂ 5:6) ਇਹ ਵਿਸ਼ਵਾਸ ਮਨੁੱਖ ਨੂੰ ਉਹ ਕੰਮ ਕਰਨ ਵਾਸਤੇ ਪ੍ਰੇਰਿਤ ਕਰਦਾ ਹੈ ਜਿਨ੍ਹਾਂ ਦਾ ਪ੍ਰਮੇਸ਼ਵਰ ਨੇ ਅਪਾਣੀ ਬਾਣੀ ਵਿੱਚ ਹੁਕਮ ਦਿੱਤਾ ਹੈ। ਇਹ ਕੰਮ, ਜੋ ਵਿਸ਼ਵਾਸ ਦੀ ਚੰਗੀ ਜੜ੍ਹ ਤੋਂ ਸ਼ੁਰੂ ਹੁੰਦੇ ਹਨ, ਚੰਗੇ ਹਨ ਅਤੇ ਪ੍ਰਮੇਸ਼ਵਰ ਦੀ ਨਜ਼ਰ ਵਿੱਚ ਭਲੇ ਅਤੇ ਗ੍ਰਹਿਣਯੋਗ ਹਨ, ਕਿਉਂ ਜੋ ਉਹ ਸਭ ਉਸ ਦੀ ਕ੍ਰਿਪਾ ਨਾਲ ਪਵਿੱਤਰ ਕੀਤੇ ਗਏ। ਫਿਰ ਵੀ ਇਹ ਸਾਨੂੰ ਧਰਮੀ ਨਹੀ ਠਹਿਰਾਉਂਦੇ। ਕਿਉਂਕਿ ਅਸੀਂ ਮਸੀਹ ਉਤੇ ਵਿਸ਼ਵਾਸ ਕਰਨ ਰਾਹੀਂ ਧਰਮੀ ਠਹਿਰਾਏ ਜਾਂਦੇ ਹਾਂ, ਇਸ ਤੋਂ ਪਹਿਲਾ ਵੀ ਕਿ ਅਸੀਂ ਕੋਈ ਚੰਗੇ ਕੰਮ ਕਰੀਏ (6) ਨਹੀਂ ਤਾਂ ਇਹ ਉਸ ਦਰੱਖਤ ਦੇ ਫਲ ਤੋਂ ਜਿਆਦਾ ਚੰਗੇ ਨਹੀਂ ਹੋ ਸਕਦੇ ਜਦ ਤੱਕ ਕਿ ਉਹ ਦਰੱਖਤ ਹੀ ਚੰਗਾ ਨਾ ਹੋਵੇ (7) ਇਸ ਵਾਸਤੇ ਅਸੀਂ ਚੰਗੇ ਕੰਮ ਤਾਂ ਕਰਦੇ ਹਾਂ, ਪਰ ਕਿਸੀ ਯੋਗਤਾ ਨੂੰ ਹਾਸਲ ਕਰਲ ਵਾਸਤੇ ਨਹੀਂ। ਕਿਉਂਕ ਸਾਡੀ ਯੋਗਤਾ ਹੀ ਕੀ ਹੈ ? ਅਸੀਂ ਪ੍ਰਮੇਸ਼ਵਰ ਦੇ ਕਰਜਦਾਰ ਹਾਂ, ਉਹ ਸਾਡਾ ਕਰਜ਼ਦਾਰ ਨਹੀਂ , ਉਨ੍ਹਾ ਚੰਗੇ ਕੰਮਾਂ ਵਾਸਤੇ ਜੋ ਅਸੀਂ ਕਰਦੇ ਹਾਂ (8) ਕਿਉਂਕਿ ਇਹ ਉਹ ਹੀ ਹੈ ਜੋ ਸਾਡੇ ਵਿੱਚ ਰਹਿ ਕੇ ਕੰਮ ਕਰਦਾ ਹੈ ਕਿ ਉਹ ਤੁਹਾਡੀ ਇੱਛਾ ਅਤੇ ਕੰਮਾ ਨੂੰ ਆਪਣੇ ਉਦੇਸ਼ ਅਨੁਸਾਰ ਪ੍ਰੇਰਨਾ ਦੇਵੇਂ (ਫਿਲਿਪੀਆਂ 2:13) ਆਉ ਅਸੀਂ ਜੋ ਲਿਖਿਆ ਹੈ ਉਸਨੂੰ ਮਨ ਵਿੱਚ ਬਣਾਈ ਰੱਖੀਏ। ਇਸੇ ਤਰ੍ਹਾ ਤੁਸੀਂ ਵੀ ਇਹ ਸਭ ਗੱਲਾਂ ਜਿਨ੍ਹਾਂ ਦਾ ਹੁਕਮ ਦਿੱਤਾ ਗਿਆ ਹੈ ਪੂਰੀਆਂ ਕਰਕੇ ਇਹ ਹੀ ਆਖੀਏ, ਅਸੀਂ ਨਿਕੰਮੇ ਨੌਕਰ ਹਾਂ ਜੋ ਕਰਨਾ ਸਾਡੀ ਫਰਜ ਸੀ ਉਹ ਹੀ ਕੀਤਾ (ਲੂਕਾ 17:10) ਇਸ ਦੇ ਨਾਲ ਨਾਲ ਅਸੀਂ ਇਹ ਇਨਕਾਰ ਨਹੀਂ ਕਰਦੇ ਕਿ ਪ੍ਰਮੇਸ਼ਵਰ ਚੰਗੇ ਕੰਮਾਂ ਦਾ ਫਲ ਦਿੰਦਾ ਹੈ (9) ਪਰ ਇਹ ਉਸ ਦੀ ਕ੍ਰਿਪਾ ਦੁਆਰਾ ਹੀ ਹੈ ਕਿ ਉਹ ਆਪਣੇ ਬਰਦਾਨਾਂ ਦਾ ਤਾਜ ਪਹਿਨਾਉਦਾ ਹੈ। ਇਸ ਤੋਂ ਇਲਾਵਾ ਚਾਹੇ ਅਸੀਂ ਚੰਗੇ ਕੰਮ ਕਰਦੇ ਹਾਂ, ਫਿਰ ਅਸੀਂ ਆਪਣੀ ਮੁਕਤੀ ਦੀ ਬੁਨਿਆਦ ਉਨ੍ਹਾ ਤੇ ਨਹੀਂ ਰੱਖਦੇ। ਅਸੀਂ ਕੋਈ ਇਸ ਤਰ੍ਹਾਂ ਦਾ ਕੰਮ ਨਹੀਂ ਕਰ ਸਕਦੇ ਜੋ ਸਾਡੇ ਸਰੀਰ ਕਾਰਨ ਭਰਿਸ਼ਟ ਕੀਤਾ ਨਾ ਹੋਵੇ ਜੋ ਸਜ਼ਾ ਦੇ ਯੋਗ ਨਾ ਹੋਵੇ ਅਤੇ ਜੇਕਰ ਅਸੀਂ ਇੱਕ ਹੀ ਚੰਗਾ ਕੰਮ ਦਿਖਾ ਸਕੀਏ, ਇਕ ਪਾਪ ਦੀ ਯਾਦ ਕਾਫੀ ਹੈ ਕਿ ਪ੍ਰਮੇਸ਼ਵਰ ਉਸ ਦਾ ਤ੍ਰਿਸ਼ਕਾਰ ਕਰ ਦੇਵੇ (11) ਫਿਰ ਅਸੀਂ ਸਦਾ ਸ਼ੱਕ ਵਿੱਚ ਹੀ ਰਹਾਂਗੇ, ਬਿਨ੍ਹਾ ਕਿਸੀ ਨਿਸ਼ਚਿਤਤਾ ਦੇ ਚਲਾਏ ਜਾਵਾਂਗੇ ਅਤੇ ਸਾਡੀਆਂ ਕਮਜੋਰ ਜਮੀਰਾਂ ਸਦਾ ਦੁੱਖ ਤਕਲੀਫ ਵਿੱਚ ਰਹਿਣਗੀਆਂ ਜੋ



ਉਹ ਸਾਡੇ ਮੁਕਤੀਦਾਤਾ ਦੀ ਮੌਤ ਅਤੇ ਉਸਦੇ ਤਸੀਹਿਆਂ ਉਤੇ ਅਧਾਰਿਤ ਨਾ ਹੋਵੇ (12)

1 ਕਰ 16:14; ਰੋਮ 10:17; 1 ਕੁਰਿ 12:3
2 ਹਿਜ਼ 36:26, 27; ਯੂਹ 1:12, 13; ਯੂਹ 3:5; ਅਫ 2:4-6; ਤੀਤੁ 3:5; 1 ਪਤ 1:23.
3 ਯੂਹ 5:24; ਯੂਹ 8:36; ਰੋਮ 6:4-6; 1 ਯੂਹ 3:9
4 ਗਲ 5:22; ਤੀਤੁ 2:12.
5 ਯੂਹ 15:5; ਰੋਮ 14:23; 1 ਤਿਮੋ 1:5; ਇਬ 11:4,6.
6 ਰੋਮ 4:5
7 ਮੱਤੀ 7:17
8 1 ਕੁਰਿ 1:30,31; 1 ਕੁਰਿ 4:7; ਅਫ 2:10.
9 ਰੋਮ 2:6, 7; 1 ਕੁਰਿ 3:14; 2 ਯੂਹ 8; ਪਰ 2:23.
10 ਰੋਮ 7:21.
11 ਯਾਕੂ 2:10
12 ਹੱਬ 2:4; ਮੱਤੀ 11:28; ਰੋਮ 10:11.

## ਆਰਟਿਕਲ 25
## ਮਸੀਹ ਬਿਵਸਥਾ ਦੀ ਪੂਰਤੀ

ਸਾਡਾ ਵਿਸ਼ਵਾਸ ਹੈ ਕਿ ਬਿਵਸਥਾ ਦੀਆਂ ਰੀਤਾਂ ਅਤੇ ਚਿੰਨ ਮਸੀਹ ਦੇ ਆਉਣ ਨਾਲ ਖਾਤਮ ਹੋ ਚੁੱਕੇ ਹਨ, ਅਤੇ ਸਾਰੀਆਂ ਪਰਛਾਈਆਂ ਪੂਰੀਆਂ ਹੋ ਚੁੱਕੀਆਂ ਹਨ (1) ਤਾਂ ਜੋ ਮਸੀਹੀ ਲੋਕਾਂ ਵਿੱਚ ਇੰਨ੍ਹਾਂ ਦੀ ਵਰਤੋਂ ਖਤਮ ਹੋ ਜਾਣੀ ਚਾਹੀਦੀ ਹੈ। ਪਰ ਉਨ੍ਹਾਂ ਦੀ ਸੱਚਾਈ ਅਤੇ ਅਧਾਰ ਮਸੀਹ ਵਿੱਚ ਸਾਡੇ ਵਾਸਤੇ ਬਣਿਆ ਹੋਇਆ ਹੈ, ਜਿਸ ਵਿੱਚ ਇਹ ਪੂਰੇ ਹੋਏ ਹਨ (2) ਇਸ ਦੇ ਨਾਲ-2 ਅਸੀਂ ਅਜੇ ਵੀ ਬਿਵਸਥਾ ਅਤੇ ਨਬੀਆਂ ਵਿੱਚੋਂ ਪ੍ਰਾਪਤ ਕੀਤੀਆਂ ਸਾਖੀਆਂ ਦਾ ਇਸਤੇਮਾਲ ਕਰਦੇ ਹਾਂ ਤਾਂ ਕਿ ਅਸੀਂ ਆਪਣੇ ਆਪਨੂੰ ਖੁਸ਼ਖਬਰੀ ਦੀ ਸਿੱਖਿਆ ਵਿੱਚ ਪੱਕੇ ਬਣਾਈਏ ਅਤੇ ਆਪਣੇ ਜੀਵਨ ਨੂੰ ਪ੍ਰਮੇਸ਼ਵਰ ਦੀ ਮਰਜੀ ਅਤੇ ਮਹਿਮਾ ਦੇ ਅਨੁਸਾਰ ਪੂਰੀ ਤਰ੍ਹਾਂ ਆਦਰਯੋਗ ਬਣਾਈਏ।

1 ਮਤੀ 27:51 ; ਰੋਮ 10:4; ਇਬ 9:9, 10
2 ਮਤੀ 5:17; ਗਲ 3:24; ਕੁਲੁ 2:17
3 ਰੋਮ 13:8-10; ਰੋਮ 15:4;2ਪਤ 1:19; 2ਪਤ 3:2

# ਆਰਟਿਕਲ 26
# ਮਸੀਹ ਦੀ ਵਿਚੋਲਗੀ

ਅਸੀਂ ਵਿਸ਼ਵਾਸ ਰੱਖਦੇ ਹਾਂ ਕਿ ਪ੍ਰਮੇਸ਼ਵਰ ਤੱਕ ਸਾਡੀ ਪਹੁੰਚ ਇੱਕੋ ਇੱਕ ਵਿਚੋਲੇ (1) ਅਤੇ ਵਕੀਲ ਧਰਮੀ ਯਿਸੂ ਮਸੀਹ ਤੋਂ ਵਗੈਰ ਨਹੀਂ ਹੋ ਸਕਦੀ ਹੈ (2) ਇਸੇ ਹੀ ਉਦੇਸ਼ ਲਈ ਰੱਬੀ ਅਤੇ ਮਨੁੱਖੀ ਸੁਭਾਉ ਨੂੰ ਜੋੜਦੇ ਹੋਇਆ ਉਹ ਮਨੁੱਖ ਬਣਿਆ ਤਾਂ ਜੋ ਅਸੀਂ ਮਨੁੱਖ ਦੈਵੀ ਸ਼ਾਨ ਤੋਂ ਰੋਕੇ ਨਾ ਜਾਈਏ ਪਰ ਸਾਡੀ ਉਸ ਤੱਕ ਪਹੁੰਚ ਹੋਵੇ (3) ਫਿਰ ਵੀ ਇਸ ਵਿਚੋਲੀ ਨੂੰ, ਜਿਸ ਨੂੰ ਪਿਤਾ ਨੇ ਸਾਡੇ ਅਤੇ ਆਪਣੇ ਵਿਚਕਾਰ ਥਾਪਿਆ ਹੈ, ਆਪਣੀ ਮਹਾਨਤਾ ਕਰਕੇ ਸਾਨੂੰ ਡਰਾਉਣਾ ਨਹੀਂ ਚਾਹੀਦਾ, ਤਾਂ ਜੋ ਅਸੀਂ ਆਪਣੇ ਗਲਤ ਵਿਚਾਰ ਅਨੁਸਾਰ ਕਿਸੀ ਹੋਰ ਦੀ ਭਾਲ ਕਰੀਏ। ਅਕਾਸ਼ ਅਤੇ ਧਰਤੀ ਉਪਰ ਹੋਰ ਕੋਈ ਅਜਿਹਾ ਪ੍ਰਾਣੀ ਨਹੀਂ ਹੈ ਜੋ ਸਾਨੂੰ ਯਿਸੂ ਮਸੀਹ ਤੋਂ ਜਿਆਦਾ ਪਿਆਰ ਕਰਦਾ ਹੈ (4) ਭਾਵੇ ਉਹ ਪ੍ਰਮੇਸ਼ਵਰ ਦੇ ਸਰੂਪ ਵਿੱਚ ਸੀ, ਫਿਰ ਵੀ ਉਸਨੇ ਆਪਣੇ ਆਪ ਨੂੰ ਸੱਖਣਾ ਕੀਤਾ ਅਤੇ ਸਾਡੀ ਖਾਤਰ ਮਨੁੱਖ ਅਤੇ ਦਾਸ ਦਾ ਰੂਪ ਧਾਰ ਲਿਆ(ਫਿਲਿਪੀਆ 2:6-7), ਅਤੇ ਹਰ ਪੱਖੋਂ ਆਪਣੇ ਭਰਾਵਾਂ ਦੀ ਤਰ੍ਹਾਂ ਰਚਿਆ ਗਿਆ ਸੀ (ਇਬਰਾਨੀਆਂ 2:17) ਇਸ ਕਰਕੇ ਜੇ ਸਾਨੂੰ ਕਿਸੇ ਦੂਸਰੇ ਵਿਚੋਲੇ ਦੀ ਭਾਲ ਕਰਨੀ ਪੈਂਦੀ ਤਾਂਦ ਕੀ ਅਸੀਂ ਕੋਈ ਇਹੋ ਜਿਹਾ ਭਾਲ ਸਕਦੇ ਸੀ ਜੋ ਸਾਨੂੰ ਇਸ ਤੋਂ ਜਿਆਦਾ ਪਿਆਰ ਕਰਦਾ ਹੋਵੇ, ਕਿ ਜਿਸ ਵੇਲੇ ਅਸੀਂ ਉਸਦੇ ਦੇ ਵੈਰੀ ਹੀ ਸੀ ਤਾਂ ਉਹ ਸਾਡੀ ਖਾਤਰ ਮਰਿਆ, even while we were enemies ? (ਰੋਮ 5:8, 10) ? ਜੇ ਸਾਨੂੰ ਇਹੋ ਜਿਹੇ ਦੀ ਭਾਲ ਕਰਨੀ ਪੈਂਦੀ ਜਿਸ ਕੋਲ ਇਖਤਿਆਰ ਅਤੇ ਸ਼ਕਤੀ ਹੋਵੇ, ਜਿਸ ਕੋਲ ਉਸ ਨਾਲੋ ਜਿਆਦਾ ਹੋਵੇ ਜੋ ਪਿਤਾ ਦੇ ਸੱਜੇ ਹੱਥ ਬੈਠਾ ਹੈ (5) ਅਤੇ ਜਿਸ ਕੋਲੋਂ ਧਰਤੀ ਅਤੇ ਅਕਾਸ਼ ਦਾ ਸਾਰਾ ਇਖਤਿਆਰ ਦਿੱਤਾ ਗਿਆ ਹੈ (ਮੱਤੀ 28:18) ? ਫਿਰ, ਪ੍ਰਮੇਸ਼ਵਰ ਦੇ ਆਪਣੇ ਪਿਆਰੇ ਪੁੱਤਰ ਨਾਲੋਂ ਹੋਰ ਕਿਸ ਦੀ ਖੁਸ਼ੀ ਜਿਆਦਾ ਨਾਲ ਸੁਣੀ ਜਾਵੇਗੀ ? (6) ਇਸ ਕਰਕੇ ਇਹ ਸਿਰਫ ਵਿਸ਼ਵਾਸ ਦੀ ਘਟੀ ਦੇ ਕਾਰਨ ਹੀ ਰਸੂਲਾਂ ਦੀ ਬੇਅਦਬੀ ਦੀ ਕਰਨ ਰੀਤ ਸ਼ੁਰੂ ਹੋਈ ਸੀ, ਵਜਾਏ ਇਸ ਦੇ ਕਿ ਉਨ੍ਹਾ ਦਾ ਆਦਰ ਕੀਤਾ ਜਾਂਦਾ, ਅਜਿਹਾ ਉਹ ਕਰਦਿਆਂ ਕੀਤਾ ਗਿਆ ਜਿਹੜਾ ਨਾਂ ਉਨ੍ਹਾਂ ਨੇ ਕਦੀ ਆਪ ਕੀਤਾ ਸੀ ਨਾ ਹੀ ਉਸਦੀ ਕਰਨ ਦੀ ਮੰਗ ਸੀ। ਇਸਦੇ ਉਲਟ ਉਹ ਲਗਾਤਾਰ ਇਸ ਆਦਰ ਨੂੰ ਆਪਣੇ ਫਰਜ਼ ਅਨੁਸਾਰ ਰੱਦ ਕਰਦੇ ਰਹੇ (7) ਜਿਸ ਤਰ੍ਹਾਂ ਕਿ ਉਨ੍ਹਾ ਦੀਆਂ ਲਿਖਤਾਂ ਤੋਂ ਜਾਹਿਰ ਹੁੰਦਾ ਹੈ । ਇੱਥੇ ਕਿਸੇ ਨੂੰ ਆਪਣੀ ਅਯੋਗਤਾ ਨਹੀਂ ਦਿਖਾਉਣੀ ਚਾਹੀਦੀ, ਕਿਉਂਕ ਇਹ ਸਵਾਲ ਸਾਡੀ ਆਪਣੀ ਯੋਗਤਾ ਨਾਲ ਆਪਣੀਆਂ ਪ੍ਰਾਥਨਾਵਾਂ ਨੂੰ ਪੇਸ਼ ਕਰਨ ਦਾ ਨਹੀਂ ਹੈ, ਪਰ ਯਿਸੂ ਮਸੀਹ ਦੀ ਵੱਡੀ ਸ਼ਾਨ ਅਤੇ ਯੋਗਤਾ ਉਤੇ ਅਧਾਰਿਤ ਹੈ। (8) ਜਿਸ ਦੀ ਧਾਰਿਮਕਤਾ ਵਿਸ਼ਵਾਸ ਦੁਆਰਾ ਸਾਡੀ ਆਪਣੀ ਧਾਰਮਿਕਤਾ ਹੈ।ਇਬਰਾਨੀਆਂ ਦੀ ਪੱਤਰੀ ਦਾ ਲੇਖਕ ਇੱਕ



ਚੰਗਾ ਕਾਰਨ ਸਮੇਤ ਡਰ ਅਤੇ ਬੇਵਫਾਈ ਦੀ ਮੂਰਖਤਾ ਨੂੰ ਦੂਰ ਕਰਨ ਵਾਸਤੇ ਸਾਨੂੰ ਕਹਿੰਦਾ ਹੈ। ਇਸੇ ਲਈ ਯਿਸੂ ਮਸੀਹ ਲਈ ਹਰ ਪੱਖੋ ਆਪਣੇ ਭਰਾਵਾਂ ਦੀ ਤਰ੍ਹਾਂ ਰਚਿਅਆ ਗਿਆ ਸੀ ਕਿ ਉਹ ਦਿਆਲੂ ਅਤੇ ਵਿਸ਼ਵਾਸ ਜੋਗ ਮਹਾਂ ਪੁਰੋਹਿਤ ਵਜੋਂ ਪ੍ਰਮੇਸ਼ਵਰ ਦੀ ਸੇਵਾ ਕਰ ਸਕੇ ਤਾਂ ਜੋ ਉਹ ਲੋਕਾਂ ਦੇ ਪਾਪਾਂ ਨੂੰ ਦੂਰ ਕਰੇ। ਕਿਉਂਕਿ ਉਸਨੇ ਖੁੱਦ ਦੁੱਖ ਝੱਲਿਆ ਅਤੇ ਪਰਤਾਇਆ ਗਿਆ ਸੀ। ਉਸਦੀ ਆਪ ਪਰੀਖਿਆ ਹੋਈ ਅਤੇ ਉਸਨੇ ਦੁੱਖ ਝੱਲਿਆ ਸੀ, ਇਸ ਲਈ ਹੁੱਣ ਉਹ ਉਨ੍ਹਾਂ ਦੀ ਮਦਦ ਕਰ ਸਕਦਾ ਹੈ, ਜਿੰਨ੍ਹਾਂ ਨੂੰ ਪਰਤਾਇਆ ਜਾਂਦਾ ਹੈ (ਇਬਰਾਨੀਆਂ 2:17-18) ਜਿਸ ਨਾਲ ਅਸੀਂ ਹੋਰ ਵੀ ਉਸਦੇ ਕੋਲ ਜਾਈਏ ਉਹ ਸਾਨੂੰ ਉਤਸਾਹ ਦੇਣ ਵਾਸਤੇ ਕਹਿੰਦਾ ਹੈ, ਇਸ ਲਈ ਕਿਉਂਕਿ ਸਾਡਾ ਇਕ ਵੱਡਾ ਮਹਾਂ ਜਾਜਕ ਹੈ, ਜੋ ਅਸਮਾਨਾਂ ਤੋਂ ਪਾਰ ਗਿਆ ਹੈ, ਅਰਥਾਤ ਪ੍ਰਮੇਸ਼ਵਰ ਦਾ ਪੁੱਤਰ ਯਿਸੂ। ਇਸ ਕਰਕੇ ਆਓ॥ ਅਸੀਂ ਆਪਣੇ ਇਕਰਾਰ ਨੂੰ ਦ੍ਰਿੜਤਾ ਨਾਲ ਫੜੀ ਰੱਖੀਏ। ਕਿਉਂ ਜੋ ਸਾਡਾ ਮਹਾਂ ਜਾਜਕ ਇਹੋ ਜਿਹਾ ਨਹੀ ਹੈ, ਜੋ ਸਾਡੇ ਨਾਲ ਸਾਡੀਆਂ ਕਮਜੋਰੀਆਂ ਵਿੱਚ ਹਮਦਰਦੀ ਨਾ ਕਰ ਸਕੇ, ਕਿਉਂਕਿ ਉਹ ਆਪ ਵੀ ਸਾਡੇ ਵਾਂਗ ਹਰ ਗੱਲ ਵਿੱਚ ਪਰਤਾਇਆ ਗਿਆ, ਪਰ ਉਹ ਫਿਰ ਵੀ ਨਿਰਦੋਸ਼ ਰਿਹਾ। ਇਸ ਲਈ ਆਉ ਅਸੀਂ ਹੋਸਲੇ ਨਾਲ ਕ੍ਰਿਪਾ ਦੇ ਸਿੰਘਾਸਣ ਦੇ ਨੇੜੇ ਚੱਲੀਏ ਕਿ ਅਸੀਂ ਲੋੜ ਸਮੇਂ ਦਇਆ ਅਤੇ ਉਸ ਦੀ ਕ੍ਰਿਪਾ ਦੁਆਰਾ ਮੱਦਦ ਪ੍ਰਾਪਤ ਕਰੀਏ (ਇਬਰਾਨੀਆ 4:14-16) (10) ਉਸਨੇ ਪੱਤਰੀ ਵਿੱਚ ਲਿਖਿਆ ਹੈ, ਹੇ ਭਰਾਵੋਂ ਕਿਉਂਕਿ ਸਾਡੇ ਕੋਲ ਮਸੀਹ ਦੇ ਖ਼ੂਨ ਦੇ ਦੁਆਰਾ ਉਸ ਪਵਿੱਤਰ ਸਥਾਨ ਵਿੱਚ ਜਾਣ ਦਾ ਪੂਰਨ ਭਰੋਸਾ ਹੈ ...... ਤਾਂ ਆਉ ਅਸੀਂ ਪ੍ਰਮੇਸ਼ਵਰ ਦੇ ਨੇੜੇ ਨਿਹਚਾ ਦੀ ਪੂਰੀ ਨਿਸ਼ਚਿਤਤਾ ਦੇ ਨਾਲ ਆਈਏ। (ਇਬਰਾਨੀਆ 10:19, 22) ਨਾਲੇ ਇਹ ਵੀ ਕਿ ਯਿਸੂ ਦੀ ਜਾਜਕਈ ਸਥਾਈ ਹੈ। ਕਿਉਂਕ ਉਹ ਆਪ ਸਦਾਕਾਲ ਤੱਕ ਜੀਉਂਦਾ ਕਾਇਮ ਰਹਿੰਦਾ ਹੈ। ਇਸ ਦੇ ਸਿੱਟੇ ਵਜੋ ਉਹ ਹਮੇਸ਼ਾਂ ਉਨ੍ਹਾਂ ਨੂੰ ਬਚਾ ਕਰ ਸਕਦਾ ਹੈ ਜੋ ਉਸਦੇ ਦੁਆਰਾ ਪ੍ਰਮੇਸ਼ਵਰ ਕੋਲ ਆਉਂਦੇ ਹਨ, ਕਿਉਂਕਿ ਉਹ ਉਨ੍ਹਾਂ ਦੇ ਲਈ ਪ੍ਰਮੇਸ਼ਵਰ ਅੱਗੇ ਹਮੇਸ਼ਾ ਬੇਨਤੀ ਕਰਨ ਦੇ ਲਈ ਜਿਉਂਦਾ ਹੈ (ਇਬਰਾਨੀਆ 7:24-25)(*1) ਸਾਡੇ ਲਈ ਹੋਰ ਕੀ ਜਰੂਰੀ ਹੈ ? ਮਸੀਹ ਆਪ ਕਹਿੰਦਾ ਹੈ, ਮੈਂ ਹੀ ਰਾਹ ਹਾਂ, ਮੈਂ ਹੀ ਸੱਚਿਆਈ ਹਾਂ ਮੈਂ ਹੀ ਜੀਵਨ ਹਾਂ। ਮੇਰੇ ਵਸੀਲੇ ਬਿਨਾਂ ਕੋਈ ਵੀ ਪਿਤਾ ਦੇ ਕੋਲ ਆ ਨਹੀਂ ਸਕਦਾ (ਯੂਹੰਨਾ 14:6) ਕਿਸੀ ਹੋਰ ਵਿਚੋਲੇ ਦੀ ਅਸੀਂ ਕਿਉਂ ਭਾਲ ਕਰੀਏ ? ਪ੍ਰਮੇਸ਼ਵਰ ਨੂੰ ਇਹੋ ਹੀ ਭਾਇਆ ਕਿ ਉਹ ਆਪਣਾ ਪੁੱਤਰ ਸਾਨੂੰ ਇੱਕ ਵਿਚੋਲੇ ਦੀ ਤਰ੍ਹਾਂ ਦੇਵੇ। ਇਸ ਕਰਕੇ ਆਉਂ ਅਸੀਂ ਉਸਨੂੰ ਕਿਸੇ ਹੋਰ ਕਰਕੇ ਨਾ ਛੱਡ ਦੇਈਏ ਜਾਂ ਕਿਸੇ ਹੋਰ ਦੀ ਭਾਲ ਕਰੀਏ, ਜਿਸ ਨੂੰ ਅਸੀਂ ਪਾਉਣ ਤੋਂ ਵਗੈਰ ਹੀ ਰਹਿ ਜਾਈਏ। ਕਿਉਂਕਿ ਜਿਸ ਵੇਲੇ ਪ੍ਰਮੇਸ਼ਵਰ ਨੇ ਉਸਨੂੰ ਸਾਨੂੰ ਦਿੱਤਾ ਤਾਂ ਉਹ ਇੱਕ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ ਕਿ ਅਸੀਂ ਪਾਪੀ ਹੀ ਸੀ।ਅੰਤ ਵਿੱਚ, ਮਸੀਹ ਦੇ ਹੁਕਮ ਅਨੁਸਾਰ, ਅਸੀਂ ਆਪਣੇ ਇੱਕੋ ਇੱਕ ਵਿਚੋਲੇ ਮਸੀਹ ਦੇ ਦੁਆਰਾ ਸੁਰਗੀ ਪਿਤਾ ਦੀ ਦੁਹਾਈ

ਦਿੰਦੇ ਹਾਂ, (12) ਜਿਸ ਤਰ੍ਹਾਂ ਕਿ ਸਾਨੂੰ ਪ੍ਰਭੂ ਨੇ ਪ੍ਰਾਰਥਨਾ ਵਿੱਚ ਸਿੱਖਾਇਆ ਹੈ।(13) ਸਾਡਾ ਪੂਰਾਂ ਵਿਸ਼ਵਾਸ ਹੈ ਕਿ ਅਸੀਂ ਉਹ ਸੱਭ ਪ੍ਰਾਪਤ ਕਰ ਲਵਾਂਗੇ ਜੋ ਵੀ ਅਸੀ ਪਿਤਾ ਤੋ ਉਸ ਦੇ ਨਾਮ੍ ਵਿੱਚ ਮੰਗਦੇ ਹਾਂ। (14)

1 1ਤਿਮੋ 2:5.
2 1ਯੂਹ 2:1.
3 ਅਫ 3:12.
4 ਮਤੀ 11:28; ਯੂਹ 15:13; ਅਫ 3:19; 1ਯੂਹ 4:10.
5 ਇਬ 1:3;ਇਬ 8:1.
6 ਮਤੀ 3:17; ਯੂਹ 11:42; ਅਫ 1:6;
7 ਕਰ 10:26; ਕਰ 14:15.
8 ਯਿਰ 17:5,7; ਕਰ 4:12.
9 1ਕੁਰਿ 1:30.
10 ਯੂਹ 10:9; ਅਫ 2:18; ਇਬ 9:24.
11 ਰੋਮ 8:34.
12 ਇਬ 13:15.
13 ਮਤੀ 6:9-13; ਲੂਕ 11:2-4.
14 ਯੂਹ 14:13.

## ਆਰਟਿਕਲ 27
## ਵਿਸ਼ਵ ਵਿਆਪੀ ਮਸੀਹੀ ਕਲੀਸੀਆ।

ਅਸੀ ਇੱਕ ਵਿਸ਼ਵ ਵਿਆਪਕ ਕਲੀਸੀਆ ਵਿੱਚ ਵਿਸ਼ਵਾਸ ਕਰਦੇ ਹਾਂ (1) ਜੋ ਕਿ ਸੱਚੇ ਮਸੀਹੀ ਵਿਸ਼ਵਾਸੀਆਂ ਦ਼ੀ ਪਵਿੱਤਰ ਸਭਾ ਅਤੇ ਮੰਡਲੀ ਹੈ।(2) ਜੋ ਆਪਣੀ ਪੂਰੀ ਮੁਕਤੀ ਵਾਸਤੇ ਮਸੀਹ ਯਿਸੂ ਵਿੱਚ ਆਸ ਰੱਖਦੇ ਹਨ, (3) ਅਤੇ ਉਸ ਦੇ ਖ਼ੂਨ ਨਾਲ ਧੋਤੇ ਗਏ ਹਨ ਅਤੇ ਪਵਿੱਤਰ ਆਤਮਾ ਨਾਲ ਸ਼ੁੱਧ ਅਤੇ ਮੋਹਰਬੰਦ ਕੀਤੇ ਗਏ ਹਨ। (4) ਇਹ ਕਲੀਸੀਆ ਦੁਨੀਆਂ ਦੇ ਆਰੰਭ ਤੋਂ ਹੀ ਕਾਇਮ ਹੈ ਅਤੇ ਦੁਨੀਆਂ ਦੇ ਆਖਿਰ ਤਕ ਕਾਇਮ ਰਹੇਗੀ ਕਿਉਂਕਿ ਮਸੀਹ ਇੱਕ ਅਦਬੀ ਬਾਦਸ਼ਾਹ ਹੈ ਜੋ ਆਪਣੇ ਲੋਕਾਂ ਤੋਂ ਬਿਨ੍ਹਾਂ ਨਹੀਂ ਹੋ ਸਕਦਾ।(5) ਇਸ ਪਵਿੱਤਰ ਕਲੀਸੀਆ ਨੂੰ ਪਰਮੇਸ਼ਵਰ ਦੁਆਰਾ ਸਾਰੀ ਦੁਨੀਆਂ ਦੇ ਕਰੋਧ ਤੋਂ ਬਚਾ ਕੇ ਰੱਖਿਆ ਗਿਆ ਹੈ, (6) ਚਾਹੇ ਥੋੜੇ ਸਮੇ ਵਾਸਤੇ ਇਹ ਮਨੁੱਖੀ ਨਾਜ਼ਰ ਵਿੱਚ ਇੱਕ ਛੋਟੀ ਅਤੇ ਨਾ ਹੋਣ ਵਰਗੀ ਹੀ ਜਾਪਦੀ ਹੈ।(7) ਜਿਸ ਤਰ੍ਹਾਂ ਅਹਾਬ ਦੇ ਭਿਆਨਕ ਰਾਜ ਵਿੱਚ, ਪਰਮੇਸ਼ਰ ਨੇ ਆਪਣੇ ਵਾਸਤੇ ਸੱਤ ਹਜ਼ਾਰ ਲੋਕ ਬਚਾ ਕੇ ਰੱਖੇ ਸੀ ਜਿਨ੍ਹਾਂ ਨੇ ਬਆਲ ਦੇਵਤੇ ਦੇ ਅੱਗੇ ਆਪਣੇ ਗੋਡੇ ਨਹੀਂ ਸੀ ਟੇਕੇ।(8) ਇਸ ਤੋਂ ਵੀ ਵੱਧ ਕੇ ਇਹ ਪਵਿੱਤਰ ਕਲੀਸੀਆ ਕਿਸੇ ਖਾਸ ਸਥਾਨ ਜਾਂ ਮਨੁੱਖਾਂ ਤੱਕ ਸੀਮਿਤ ਨਹੀਂ ਹੈ,ਪਰ ਇਹ



ਸਾਰੇ ਜਗਤ ਵਿੱਚ ਫੈਲੀ ਹੋਈ ਹੈ।(9) ਪਰ ਇਹ ਵਿਸਵਾਸ ਦੀ ਸਕਤੀ ਨਾਲ ਇੱਕੋ ਅਤੇ ਉਸੇ ਦੀ ਆਤਮਾ ਵਿੱਚ ਦਿਲ ਅਤੇ ਮਰਜ਼ੀ ਨਾਲ ਮਿਲਾਈ ਅਤੇ ਜੋੜੀ ਗਈ ਹੈ। (10)

1 ਉੱਤ 22:18;ਯਸ 49:6; ਅਫ਼ 2:17-19.
2 ਭਜ 111:1; ਯੂਹ 10:14,16; ਅਫ 4:3-6; ਇਬ 12:22,23.
3 ਯੋਏ 2:32; ਕਰ 2:21.
4 ਅਫ 1:13; ਅਫ 4:30.
5 2ਸਮੂ 7:16; ਭਜ 89:36; ਭਜ 110:4; ਮਤੀ 28:18,20; ਲੂਕ 1:32.
6 ਭਜ 46: 5; ਮਤੀ 16:18.
7 ਯਸ 1:9; 1ਪਤ 3:20; ਪਰ 11:7.
8 1ਰਾਜਾ 19:18; ਰੋਮ 1:4.
9 ਮਤੀ 23:8; ਯੂਹ 4:21-23;ਰੋਮ 10:12,13.
10 ਭਜ 119:63; ਕਰ 4:32; ਅਫ 4:4.

## ਆਰਟਿਕਲ 28
## ਕਲੀਸੀਆ ਵਿੱਚ ਸ਼ਾਮਲ ਹੋਣਾ ਹਰੇਕ ਦਾ ਫ਼ਰਜ ਹੈ।

ਕਿਉਕਿ ਇਹ ਪਵਿੱਤਰ ਮੰਡਲੀ ਅਤੇ ਸਭਾ ਇੱਕ ਕੀਮਤ ਦੇ ਕੇ ਛੁਡਾਏ ਹੋਏ ਲੋਕਾਂ ਦੀ ਸਭਾ ਹੈ ਅਤੇ ਇਸ ਤੋਂ ਬਾਹਰ ਹੋਰ ਕਿਧਰੇ ਵੀ ਮੁਕਤੀ ਨਹੀਂ ਹੈ, ਇਸ ਕਰਕੇ (1) ਅਸੀਂ ਵਿਸ੍ਵਾਸ ਕਰਦੇ ਹਾਂ ਕਿ ਕਿਸੇ ਨੂੰ ਵੀ ਇਸ ਤੋਂ ਪਿੱਛੇ ਹੋ ਕੇ ਆਪਣੇ ਆਪ ਵਿੱਚ ਸੰਤੁਸ੍ਟ ਨਹੀਂ ਰਹਿਣਾ ਚਾਹੀਦਾ ਭਾਵੇ ਉਸ ਦਾ ਕੋਈ ਵੀ ਰੁਤਬਾ ਜਾਂ ਹੈਸੀਅਤ ਕਿਉਂ ਨ਼ਾ ਹੋਵੇ। ਪਰ ਸਾਰਿਆਂ ਦਾ ਅਤੇ ਹਰ ਇੱਕ ਦਾ ਫਰਜ ਹੈ ਕਿ ਇਸਵਿੱਚ ਸ੍ਾਮਲ ਹੋਵੇ ਅਤੇ ਮਿਲੇ (2) ਤਾਂ ਜੋ ਕਲੀਸੀਆਈ ਏਕਤਾ ਨੂੰ ਕਾਇਤ ਨੂੰ ਕਾਇਮ ਰੱਖੇ। ਉਨ੍ਹਾ ਨੂੰ ਆਪਣੇ ਆਪ ਨੂੰ ਇਸ ਦੀ ਹਦਾਇਤ ਅਤੇ ਅਨੁਸ੍ਾਸਨ ਦੇ ਅਧੀਨ ਦੇਣਾ ਚਾਹੀਦਾ ਹੈ। (3) ਯਿਸੂ ਮਸੀਹ ਦੇ ਜੂਲੇ ਹੇਠ ਆਪਣੀਆਂ ਧੌਣਾਂ ਨੂੰ ਨੀਵੇਂ ਕਰਕੇ ਆਪਣੇ ਭੈਣਾਂ ਭਰਾਵਾਂ ਦੀ ਆਤਮਿਕ ਉਨਤੀ ਦੀ ਸੇਵਾ (5) ਉਨ੍ਹਾਂ ਯੋਗਤਾਵਾਂ ਦੇ ਅਨੁਸਾਰ ਕਰਨ ਜੋ ਪ੍ਰਮੇਸ੍ਵਰ ਨੇ ਉਨ੍ਹਾਂ ਨੂੰ ਇੱਕੋ ਸਰੀਰ ਦੇ ਅੰਗ ਹੋਣ ਵਜੋ ਦਿੱਤੀਆਂ ਹਨ (6) ਇਸ ਨੂੰ ਜਿਆਦਾ ਪ੍ਰਭਾਵਸ੍ਾਲੀ ਬਣਾਉਣ ਵਾਸਤੇ, ਸਾਰੇ ਵਿਸ੍ਵਾਸੀਆਂ ਦਾ ਪ੍ਰਮੇਸ੍ਵਰ ਦੀ ਬਾਣੀ ਦੇ ਅਨੁਸਾਰ ਇਹ ਫਰਜ ਹੈ ਕਿ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਤੋਂ ਅੱਡ ਕਰ ਲੈਣ ਜਿੰਨ੍ਹਾਂ ਦਾ ਕਲੀਸੀਆ ਨਾਲ ਕੋਈ ਸੰਬੰਧ ਨਹੀਂ ਹੈ (7) ਅਤੇ ਇਸ ਸੁਭਾ (8) ਵਿੱਚ ਸ੍ਾਮਲ ਹੋ ਜਾਣ ਜਿੱਥੇ ਵੀ ਪ੍ਰਮ੍ੇਸਵਰ ਨੇ ਇਸ ਨੂੰ ਕਾਇਮ ਕੀਤਾ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਚਾਹੇ ਸ੍ਾਸ੍ਕ ਅਤੇ ਉਨ੍ਹਾਂ ਦੇ ਹੁਕਮ ਵੀ ਇਸ ਦੇ ਵਿਰੁੱਧ ਹੋਣ ਅਤੇ ਮੌਤ ਅਤੇ ਸ੍ਰੀਰਕ ਸਜਾ ਵੀ। ਇਸ ਤੋਂ ਬਾਅਦ ਕਿਉਂ ਨਾ ਝਲਣੀ ਪਵੇ। ਇਸ ਕਰਕੇ ਉਹ ਸੱਭ ਜੋ

ਕਲੀਸੀਆ ਨਾਲੋਂ ਸੰਬੰਧ ਛੱਡ ਦਿੰਦੇ ਹਨ ਜਾਂ ਇਸ ਵਿੱਚ ਸ਼ਾਮਲ ਨਹੀਂ ਹੁੰਦੇ ਉਹ ਪ੍ਰਮੇਸ਼ਵਰ ਦੇ ਹੁਕਮ ਦੇ ਵਿਰੁੱਧ ਕੰਮ ਕਰਦੇ ਹਨ।

1 ਮਤੀ 16:18, 19; ਕਰ 2:47; ਗਲ 4:26 ਅਫ 5:25-27; ਇਬ 2:11,12; ਇਬ 12:23
2 2 ਇਤ 30:8;ਯੂਹ 17:21; ਕੁਲੁ 3:15
3 ਇਬ 13:17
4 ਮਤੀ 11:28-30
4 ਅਫ 4:12
6 1ਕੁਰਿ 12:7, 27; ਅਫ 4:16
7 ਗਿਣ 16:23-26; ਯਸ 52:11, 12; ਕਰ 2:40; ਰੋਮ 16:17; ਪਰ 18:4
8 ਭਜ 122:1;ਯਸ 2:3; ਇਬ 10:25.
9 ਕਰ 4:19, 20.

## ਆਰਟਿਕਲ 29
## ਸੱਚੀ ਅਤੇ ਝੂਠੀ ਕਲੀਸੀਆਂ ਦੀਆਂ ਨਿਸ਼ਾਨੀਆਂ

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਨੂੰ ਬੜੀ ਸੂਝਬੂਝ ਅਤੇ ਧਿਆਨ ਨਾਲ ਪ੍ਰਮੇਸ਼ਰ ਦੀ ਬਾਣੀ ਵਿੱਚੋਂ ਇਹ ਫਰਕ ਸਮਝ ਲੈਣਾ ਚਾਹੀਦਾ ਹੈ ਕਿ ਸੱਚੀ ਕਲੀਸੀਆਂ ਕੀ ਹੈ, ਕਿਉਕਿ ਜੋ ਵੀ ਸਾਰੇ ਫਿਰਕੇ ਦੁਨੀਆ ਵਿੱਚ ਅੱਜ ਹਨ ਕਲੀਸੀਆਂ ਦੇ ਨਾਂ ਤੋਂ ਆਪਣੇ ਆਪਣਾ ਦਾਅਵਾ ਕਰਦੇ ਹਨ (1) ਇੱਥੇ ਅਸੀਂ ਪਾਖੰਡੀ ਲੋਕਾ ਦੀ ਗੱਲ ਨਹੀਂ ਕਰਦੇ ਜੋ ਕਲੀਸੀਆਂ ਵਿੱਚ ਭਲੇ ਲੋਕਾਂ ਨਾਲ ਰਲ ਮਿਲ ਗਏ ਹਨ ਪਰ ਫਿਰ ਵੀ ਕਲੀਸੀਆ ਦਾ ਹਿੱਸਾ ਨਹੀ ਹਨ, ਚਾਹੇ ਉਹ ਦਿਖਾਵੇ ਵਜੋਂ ਇਸ ਵਿੱਚ ਸ਼ਾਮਲ ਹਨ (2) ਅਸੀਂ ਸੱਚੀ ਕਲੀਸੀਆ ਦੀ ਦੇਹ ਅਤੇ ਸੰਗਤ ਦੀ ਗੱਲ ਕਰ ਰਹੇ ਹਾਂ। ਜਿਸ ਨੂੰ ਉਹਨਾਂ ਸਾਰੇ ਫਿਰਕਿਆ ਨਾਲੋਂ ਜੋ ਆਪਣੇ ਆਪ ਨੂੰ ਕਲੀਸੀਆ ਕਹਿੰਦੇ ਹਨ ਜਰੂਰੀ ਹੈ ਕਿ ਭਿੰਨ ਗਿਣਿਆ ਜਾਵੇ। ਸੱਚੀ ਕਲੀਸੀਆ ਨੂੰ ਇਹਨਾਂ ਨਿਸ਼ਾਨਾਂ ਤੋਂ ਪਛਾਣਿਆ ਜਾਣਾ ਚਾਹੀਦਾ ਹੈ। ਇਹ ਖਾਲਿਸ ਖੁਸ਼ਖਬਰੀ ਦਾ ਅਭਿਆਸ ਕਰਦੀ ਹੈ। (3) ਇਹ ਕ੍ਰਿਪਾ ਦੇ ਵਸੀਲਿਆ ਨੂੰ ਜੋ ਮਸੀਹ ਨੇ ਸ਼ੁਰੂ ਕੀਤੇ ਸਨ ਪਾਕ ਸਾਫ ਤਰੀਕੇ ਨਾਲ ਜਾਰੀ ਰੱਖਦੀ ਹੈ (4) ਇਹ ਗਲਤੀਆ ਨੂੰ ਸੁਧਾਰਨ ਅਤੇ ਪਾਪਾਂ ਨੂੰ ਸਜ਼ਾ ਦੇਣ ਵਿੱਚ ਕਲੀਸੀਆਈ ਅਨੁਸ਼ਾਸਨ ਬਣਾਈ ਰੱਖਦੀ ਹੈ। (5) ਸੰਖੇਪ ਵਿੱਚ ਇਹ ਕਿ ਪ੍ਰਮੇਸ਼ਵਰ ਦੀ ਨਿਰੋਲ ਬਾਣੀ ਦੇ ਅਨੁਸਾਰ ਕੰਮ ਕਾਜ ਕਰਦੀ ਹੈ (6) ਅਤੇ ਉਨ੍ਹਾ ਸਭ ਗੱਲਾਂ ਤੋਂ ਜੋ ਇਸ ਦੇ ਵਿਰੁੱਧ ਹਨ ਇਨਕਾਰੀ ਕਰਦੀ ਹੈ (7) ਅਤੇ ਯਿਸੂ ਮਸੀਹ ਨੂੰ ਆਪਣਾ ਇੱਕੋ ਇੱਕ ਮੁੱਖੀ ਮੰਨਦੀ ਹੈ। (8) ਸੱਚੀ ਕਲੀਸੀਆ ਇਸੇ ਤਰ੍ਹਾਂ ਯਕੀਨੀ ਤੌਰ ਤੇ ਜਾਣੀ ਜਾ ਸਕਦੀ ਹੈ ਅਤੇ ਕਿਸੇ ਨੂੰ ਇਸ ਤੋਂ ਅੱਡ ਹੋਣ ਦਾ ਹੱਕ ਨਹੀਂ ਹੈ। ਜੋ ਲੋਕ ਕਲੀਸੀਆਂ ਦੇ ਹਨ ਉਨ੍ਹਾਂ ਨੂੰ ਮਸੀਹੀ ਲੋਕਾ ਦੇ



ਨਿਸ਼ਾਨਾ ਨਾਲ ਪਛਾਣਿਆ ਜਾਣਾ ਚਾਹੀਦਾ ਹੈ। ਉਹ ਵਿਸ਼ਵਾਸ ਰੱਖਦੇ ਹਨ ਕਿ ਸਿਰਫ ਮਸੀਹ ਹੀ ਮੁਕਤੀਦਾਤਾ ਹੈ, (9) ਪਾਪ ਤੋਂ ਦੂਰ ਦੌੜਦੇ ਹਨ ਅਤੇ ਧਾਰਮਿਕਤਾ ਦੇ ਪਿੱਛੇ ਚੱਲਦੇ ਹਨ (10) ਸੱਜੇ ਖੱਬੇ ਨਹੀਂ ਮੁੜਦੇ ਸੱਚੇ ਪ੍ਰਮੇਸਵਰ ਅਤੇ ਆਪਣੇ ਗੁਆਂਢੀਆ ਨਾਲ ਬਿਨਾਂ ਸੱਜੇ ਖੱਬੇ ਮੁੜਿਆ ਪਿਆਰ ਕਰਦੇ ਹਨ (11) ਅਤੇ ਆਪਣੇ ਸਰੀਰ ਅਤੇ ਇਸ ਦੇ ਕੰਮਾ ਨੂੰ ਸਲੀਬ ਚੜਾਉਂਦੇ ਹਨ (12) ਚਾਹੇ ਉਨ੍ਹਾਂ ਵਿੱਚ ਵੱਡੀ ਕਮਜ਼ੋਰੀ ਰਹਿ ਜਾਂਦੀ ਹੈ, ਉਹ ਆਪਣਾ ਜੀਵਨ ਭਰ ਆਤਮਾ ਦੁਆਰਾ ਇਸ ਨਾਲ ਲੜਦੇ ਰਹਿੰਦੇ ਹਨ (13) ਉਹ ਲਗਾਤਾਰ ਮਸੀਹ ਯਿਸੂ ਦੇ ਖੂਨ, ਦੁੱਖ ਮੌਤ ਅਤੇ ਆਗਿਆਕਾਰੀ ਅੱਗੇ ਬੇਨਤੀ ਕਰਦੇ ਹਨ, ਜਿਸ ਵਿੱਚ ਉਸ ਉਤੇ ਵਿਸ਼ਵਾਸ ਦੁਆਰਾ ਉਨ੍ਹਾਂ ਦੇ ਪਾਪਾਂ ਦੀ ਮੁਆਫੀ ਹੈ (14) ਝੂਠੀ ਕਲੀਸੀਆ ਪ੍ਰਮੇਸ਼ਵਰ ਦੀ ਬਾਣੀ ਦੀ ਵਜਾਏ ਆਪਣੇ ਆਪ ਨੂੰ ਅਤੇ ਇਸ ਦੇ ਵਿਧਾਨਾਂ ਨੂੰ ਜਿਆਦਾ ਇਖਤਿਆਰ ਦਿੰਦੀ ਹੈ। ਇਹ ਆਪਣੇ ਆਪ ਨੂੰ ਮਸੀਹ ਦੇ ਜੂਲੇ ਦੇ ਅਧੀਨ ਕਰਨਾ ਨਹੀਂ ਚਾਹੁੰਦੀ (15) ਇਹ ਕ੍ਰਿਪਾ ਦੇ ਵਸੀਲਿਆ ਨੂੰ ਜਿਸ ਤਰ੍ਹਾਂ ਮਸੀਹ ਨੇ ਆਪਣੀ ਬਾਣੀ ਵਿੱਚ ਹੁਕਮ ਦਿੱਤਾ ਹੈ, ਉਨ੍ਹਾਂ ਦੀ ਉਸ ਤਰਾਂ ਪਾਲਣਾ ਨਹੀ ਕਰਦੀ। ਪਰ ਆਪਣੀ ਮਰਜ਼ੀ ਨਾਲ ਇਸ ਵਿੱਚ ਕੁੱਝ ਵੀ ਵਧਾਉਂਦੀ ਅਤੇ ਘਟਾਉਂਦੀ ਹੈ। ਇਹ ਮਸੀਹ ਯਿਸੂ ਦੀ ਵਜਾਏ ਮਨੁੱਖਾਂ ਉਤੇ ਆਪਣੇ ਅਧਾਰ ਨੂੰ ਜਿਆਦਾ ਬਣਾਉਂਦੀ ਹੈ। ਜੋ ਪ੍ਰਮੇਸਵਰ ਦੀ ਬਾਣੀ ਅਨੁਸਾਰ ਆਪਣਾ ਜੀਵਨ ਜੀਉਂਦੇ ਹਨ ਅਤੇ ਜੋ ਝੂਠੀ ਕਲੀਸੀਆ ਦੀ ਉਸ ਦੇ ਪਾਪਾਂ, ਲਾਲਚ ਅਤੇ ਬੁੱਤ ਪੂਜਾ ਕਰਨ ਕਰਕੇ ਤਾੜਨਾ ਕਰਦੇ ਹਨ ਉਨ੍ਹਾ ਨੂੰ ਸਤਾਉਂਦੀ ਹੈ (16) ਇਹ ਦੋਵੇਂ ਕਲੀਸੀਆਵਾਂ ਦੀ ਪਛਾਣ ਅਤੇ ਇੱਕ ਦੂਸਰੀ ਤੋ ਭਿੰਨਤਾ ਬੜੀ ਅਸਾਨੀ ਸਮਝੀ ਜਾਂਦੀ ਹੈ।

1 ਪਰ 2:9
2 ਰੋਮ 9:6
3 ਗਲ 1:8; 1ਤਿਮੋ 3:15
4 ਕਰ 19:3-5, 1ਕੁਰਿ 11:20-29
5 ਮਤੀ 18:15-17; 1ਕੁਰਿ 5:4,5,13:2ਥਸ 3:6,14, ਤੀਤੂ 3:10.
6 ਯੂਹ 8:47; ਯੂਹ 17:20; ਕਰ 17:11; ਅਫ 2:20; ਕੁਲੁ 1:23; 1 ਤਿਮੋ 6:3
7 1 ਥਸ 5:21; 1ਤਿਮੋ 6:20; ਪਰ 2:6
8 ਯੂਹ 10:14;ਅਫ 5:23; ਕੁਲੁ 1:18.
9 ਯੂਹ 1:12; 1ਯੂਹ 4:2
10 ਰੋਮ 6:2; ਫਿਲਿ 3:12.
11 1ਯੂਹ 4:19-21
12 ਗਲ 5:24
13 ਰੋਮ 7:15; ਗਲ 5:17
14 ਰੋਮ 7:24,25; 1ਯੂ 1:7-9,
15 ਕਰ 4:17, 18; 2ਤਿਮੋ 4:34; 2 ਯੂਹ 9
16 ਯੂਹ 16:2

# ਆਰਟਿਕਲ 30
## ਕਲੀਸੀਆਂ ਦਾ ਸੰਚਾਲਨ

ਸਾਡਾ ਵਿਸ਼ਵਾਸ ਹੈ ਕਿ ਇਸ ਸੱਚੀ ਕਲੀਸੀਆਂ ਦਾ ਸੰਚਾਲਨ ਉਸ ਆਤਮਕ ਨਿਯਮਿਤਤਾ ਦੇ ਅਨੁਸਾਰ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਕਿ ਸਾਡੇ ਪ੍ਰਭੂ ਨੇ ਆਪਣੀ ਪਵਿੱਤਰ ਬਾਣੀ ਵਿੱਚ ਸਾਨੂੰ ਸਿਖਾਇਆ ਹੈ (1) ਪ੍ਰਮੇਸ਼ਵਰ ਦੀ ਬਾਣੀ ਦਾ ਪ੍ਰਚਾਰ ਕਰਨ ਅਤੇ ਕ੍ਰਿਪਾ ਦੇ ਵਸੀਲਿਆਂ ਦੀ ਪਾਲਣਾ ਦੇਖਭਾਲ ਕਰਨ ਵਾਸਤੇ ਸੇਵਕ ਜਾਂ ਪਾਸਬਾਨ ਹੋਣੇ ਚਾਹੀਦੇ ਹਨ (2) ਬਜੁਰਗ (3) ਦਾਸ (4) ਵੀ ਹੋਣੇ ਚਾਹੀਦੇ ਹਨ ਜੋ ਪਾਸਬਾਨਾਂ ਨਾਲ ਮਿਲ ਕੇ ਕਲੀਸੀਆਂ ਦੀ ਸਭਾ ਬਣਦੇ ਹਨ (5) ਇਹਨਾਂ ਵਸੀਲਿਆ ਨਾਲ ਉਹ ਸੱਚੇ ਧਰਮ ਨੂੰ ਬਣਾਈ ਰੱਖਦੇ ਹਨ; ਉਹ ਇਸ ਗੱਲ ਦੀ ਦੇਖਭਾਲ ਕਰਦੇ ਹਨ ਕਿ ਸੱਚੀ ਸਿਖਿਆ ਸਿਖਾਈ ਜਾਂਦੀ ਹੈ ਅਤੇ ਬੁਰੇ ਲੋਕਾਂ ਨੂੰ ਆਤਮਕ ਤਰੀਕੇ ਨਾਲ ਅਨੁਸ਼ਾਸ਼ਿਤ ਕੀਤਾ ਜਾਦਾ ਹੈ ਅਤੇ ਨਿਯਤਰੰਨ ਵਿੱਚ ਰੱਖੇ ਜਾਂਦੇ ਹਨ ਅਤੇ ਇਹ ਵੀ ਕਿ ਗਰੀਬ ਅਤੇ ਸਤਾਏ ਹੋਏ ਲੋਕਾਂ ਨੂੰ ਉਨਾਂ ਦੀ ਲੋੜ ਅਨੁਸਾਰ ਸਹਾਇਤਾ ਅਤੇ ਦਿਲਾਸਾ ਦਿੱਤਾ ਜਾਂਦਾ ਹੈ (6) ਇਨ੍ਹਾਂ ਤਰੀਕਿਆ ਨਾਲ ਹਰ ਕਾਰਜ ਠੀਕ ਠਾਕ ਕੀਤਾ ਜਾਵੇਗਾ ਅਤੇ ਚੰਗੀ ਨਿਸਮਿਤਤਾ ਨਾਲ ਜਦੋਂ ਵਫਾਦਾਰ (7) ਲੋਕ ਉਸ ਅਸੂਲ ਦੇ ਅਨੁਸਾਰ ਜਿਹੜਾ ਪੌਲੂਸ ਰਸੂਲ ਨੇ ਤਿਮੋਥਿਉਸ ਨੂੰ ਦਿੱਤਾ ਸੀ ਚੁਣੇ ਜਾਂਦੇ ਹਨ। (8)

1 ਕਰ 20:28; ਅਫ 4:11, 12; 1 ਤਿਮੋ 3:15; ਇਬ 13:20, 21
2 ਲੂਕ 1:2; ਲੂਕ 10:16; ਯੂਹ 20:23; ਰੋਮ 10;14; 1 ਕੁਰਿ 4:1; 2 ਕੁਰਿ 5:19,20; 2 ਤਿਮੋ 4:2
3 ਕਰ 14:23; ਤੀਤੁ 1:5
4 1 ਤਿਮੋ 3:8-10
5 ਫਿਲਿ 1:1; 1 ਤਿਮੋ 4:14
6 ਕਰ 6:1-4; ਤੀਤੂ 1:7-9
7 1ਕੁਰਿ 4:2
8 1 ਤਿਮੋ 3.



# ਆਰਟਿਕਲ 31
## ਕਲੀਸੀਆਂ ਦੇ ਅਧਿਕਾਰੀ

ਸਾਡਾ ਵਿਸ਼ਵਾਸ ਹੈ ਕਿ ਪ੍ਰਮ੍ਰੇਸਵਰ ਦੀ ਬਾਣੀ ਦੇ ਸੇਵਕ ਬਜੁਰਗ ਅਤੇ ਦਾਸ ਸਭ ਨੂੰ ਕਲੀਸੀਆ ਦੀ ਕਾਨੂੰਨਨ ਚੋਣ ਦੇ ਅਨੁਸਾਰ ਉਨ੍ਹਾਂ ਦੀ ਪਦਵੀ ਲਈ ਪ੍ਰਾਰਥਨਾ ਅਤੇ ਅੱਛੀ ਨਿਯਮਿਤੱਤਾ ਨਾਲ ਚੁਣਿਆ ਜਾਣਾ ਚਾਹੀਦਾ ਹੈ, ਜਿਸ ਤਰ੍ਹਾਂ ਪ੍ਰਮੇਸ਼ਵਰ ਦੀ ਬਾਣੀ ਵਿੱਚ ਪਹਿਲਾ ਹੀ ਠਹਿਰਾਇਆ ਗਿਆ ਹੈ (1) ਇਸ ਕਰਕੇ ਹਰ ਇੱਕ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਗਲਤ ਤਰੀਕਿਆਂ ਨਾਲ ਇਸ ਵਿੱਚ ਨਾ ਘੁਸਣ। ਉਸਨੂੰ ਸਮੇਂ ਦਾ ਇੰਤਜਾਰ ਪ੍ਰਮੇਸ਼ਵਰ ਵੱਲੋਂ ਬੁਲਾਏ ਜਾਣ ਤੱਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਸੱਚੀ ਗਵਾਹੀ ਦੇ ਸੱਕੇ ਅਤੇ ਵਾਸਤੇ ਨਿਸ਼ਚਿਤਤਤਾ ਪਾਲਣੇ ਕਿ ਉਹ ਪ੍ਰਮ੍ਰੇਸਵਰ ਵੱਲੋ ਹੀ ਬੁਲਾਇਆ ਗਿਆ ਹੈ (2) ਬਾਣੀ ਦੇ ਸੇਵਕ ਕਿੱਧਰੇ ਵੀ ਹੋਣ ਉਨ੍ਹਾ ਨੂੰ ਬਰਾਬਰ ਸ਼ਕਤੀ ਅਤੇ ਇਖਤਿਆਰ ਹੈ, ਕਿਉਂਕਿ ਉਹ ਸਾਰੇ ਹੀ ਮਸੀਹ ਯਿਸੂ ਦੇ ਸੇਵਾਦਾਰ ਹਨ, ਜੋ ਕਿ ਇੱਕੋ ਇੱਕ ਵਿਸ਼ਵਵਿਆਪੀ ਚਰਵਾਹਾ ਅਤੇ ਕਲੀਸੀਆਂ ਦਾ ਸਿਰ ਹੈ (4) ਇਸ ਕਰਕੇ ਕਿ ਪ੍ਰਮੇਸ਼ਵਰ ਦੇ ਇਸ ਪਵਿੱਤਰ ਹੁਕਮ ਦੀ ਉਲੰਘਨਾ ਨਾ ਕੀਤੀ ਜਾਵੇ ਅਤੇ ਇਸ ਤੋਂ ਇਨਕਾਰ ਨਾ ਕੀਤਾ ਜਾਵੇ, ਅਸੀਂ ਇਹ ਐਲਾਨ ਕਰਦੇ ਹਾਂ ਕਿ ਇਹ ਸਾਰਿਆ ਵਾਸਤੇ ਜਰੂਰੀ ਹੈ ਕਿ ਪ੍ਰਮੇਸ਼ਵਰ ਦੀ ਪਵਿੱਤਰ ਬਾਣੀ ਦੇ ਸੇਵਕਾਂ ਪਾਸਬਾਨਾ ਅਤੇ ਕਲੀਸੀਆਂ ਦੇ ਬਜੁਰਗਾਂ ਦਾ ਉਨ੍ਹਾਂ ਦੇ ਕੰਮ ਦੇ ਕਾਰਨ ਬਹੁਤ ਜਿਆਦਾ ਸਤਿਕਾਰ ਕਰਨਾ ਚਾਹੀਦਾ ਹੈ (5) ਅਤੇ ਜਿੱਥੋ ਤੱਕ ਸੰਭਵ ਹੋਵੇ ਉਨ੍ਹਾਂ ਨਾਲ ਵਗੈਰ ਕਿਸੀ ਸ਼ਿਕਾਇਤ ਅਤੇ ਬਹਿਸ ਕਰਨ ਦੇ ਅਮਨ ਨਾਲ ਰਹਿਣਾ ਚਾਹੀਦਾ ਹੈ।

1 ਕਰ 1:23, 24; ਕਰ 6:2, 3
2 ਕਰ 13:2; 1 ਕੁਰਿ 12:28; 1 ਤਿਮੋ 4:14; 1 ਤਿਮੋ 5:22; ਇਬ 5:4
3 2 ਕੁਰਿ 5:20; 1 ਪਤ 5:1-4
4 ਮਤੀ 23:8, 10; ਅਫ 1:22, ਅਫ 5:23
5 1 ਥਸ 5:12, 13; 1 ਤਿਮੋ 5:17; ਇਬ 13:17

# ਆਰਟਿਕਲ 32
## ਕਲੀਸੀਆਂ ਦੀ ਨਿਯਮਿਤੱਤਾ ਅਤੇ ਅਨੁਸ਼ਾਸਨ

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਭਾਵੇਂ ਇਨ੍ਹਾਂ ਲੋਕਾਂ ਲਈ ਜੋ ਕਲੀਸੀਆਂ ਦਾ ਸੰਚਾਲਨ ਕਰਦੇ ਹਨ ਇਹ ਲਾਭਦਾਇਕ ਅਤੇ ਭਲਾ ਹੈ ਕਿ ਇੱਕ ਖਾਸ ਪ੍ਰਬੰਧ ਕੀਤਾ ਜਾਵੇ ਤਾਂ ਜੋ ਕਲੀਸੀਆ ਦੀ ਦੇਹ ਨੂੰ ਸੰਭਾਲਣ ਲਈ ਜਰੂਰੀ ਹੈ ਪਰ ਉਨ੍ਹਾਂ ਨੂੰ ਹਰ ਵੇਲੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਉਸ ਹੁਕਮ

ਤੋਂ ਜੋ ਸਾਡੇ ਇੱਕੋ ਇੱਕ ਮਾਲਕ ਮਸੀਹ ਨੇ ਦਿੱਤਾ ਹੈ ਭਟਕ ਨਾ ਜਾਣ (1) ਇਸ ਕਰਕੇ ਅਸੀਂ ਉਹਨਾਂ ਸਭ ਮਨੁੱਖੀ ਕਾਢਾਂ ਅਤੇ ਨਿਯਮਾਂ ਦਾ ਤ੍ਰਿਸਕਾਰ ਕਰਦੇ ਹਾਂ ਜੋ ਪ੍ਰਮੇਸ਼ਵਰ ਦੀ ਬੰਦਗੀ ਵਾਸਤੇ ਬਣਾਏ ਗਏ ਹਨ ਅਤੇ ਜੋ ਸਾਡੀ ਜ਼ਮੀਰ ਨੂੰ ਜਕੜਦੇ ਅਤੇ ਮਜ਼ਬੂਰ ਕਰਦੇ ਹਨ (2) ਅਸੀਂ ਸਿਰਫ ਉਸੇ ਨੂੰ ਹੀ ਸਵੀਕਾਰ ਕਰਦੇ ਹਾਂ ਜੋ ਇਕਸੁਰਤਾ, ਏਕਤਾ ਅਤੇ ਪ੍ਰਮੇਸ਼ਵਰ ਦੀ ਆਗਿਆਕਾਰੀ ਲਈ ਸਾਨੂੰ ਸਾਰਿਆਂ ਨੂੰ ਸੰਭਾਲਦੀ ਅਤੇ ਉਸਾਰਦੀ ਹੈ। (3) ਇਸ ਉਦੇਸ਼ ਨਾਲ, ਅਨੁਸਾਸਨ ਅਤੇ ਕਲੀਸੀਆ ਵਿੱਚੋ ਬਾਹਰ ਕੱਢ ਦੇਣ ਦੇ ਇਖਤਿਆਰ ਦੀ ਵਰਤੋ ਪ੍ਰਮੇਸ਼ਵਰ ਦੀ ਪਵਿੱਤਰ ਬਾਣੀ ਦੇ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ।

1 1 ਤਿਮੋ 3:15
2 ਯਸ 29:13; ਮਤੀ 15:9; ਗਲ 5:1
3 1ਕੁਰਿ 14:33
4 ਮਤੀ 16:19; ਮਤੀ 18:15-18; ਰੋਮ 16:17; 1 ਕੁਰਿ 5; 1 ਤਿਮੋ 1:20.

## ਆਰਟਿਕਲ 33
## ਕ੍ਰਿਪਾ ਦੇ ਵਸੀਲੇ

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਡਾ ਕ੍ਰਿਪਾਲੂ ਪ੍ਰਮੇਸ਼ਵਰ, ਜਿਹੜਾ ਸਾਡੀ ਕਮਜ਼ੋਰੀ ਅਤੇ ਲਾਪਰਵਾਹੀ ਨੂੰ ਜਾਣਦਾ ਹੈ, ਉਸਨੇ ਸਾਡੇ ਵਾਸਤੇ ਕ੍ਰਿਪਾ ਦੇ ਵਸੀਲਿਆਂ ਦਾ ਹੁਕਮ ਦਿੱਤਾ ਹੈ ਤਾਂ ਜੋ ਉਸਦੇ ਵਾਇਦਿਆਂ ਦੀ ਸਾਡੇ ਉਤੇ ਮੋਹਰ ਲੱਗੀ ਰਹੇ ਅਤੇ ਅਸੀਂ ਉਸਦੀ ਸਾਡੇ ਵਾਸਤੇ ਨੇਕ ਮਰਜੀ ਅਤੇ ਕ੍ਰਿਪਾ ਦੀਆਂ ਪ੍ਰਤਿਗਿਆਵਾਂ ਬਣੇ ਰਹੀਏ। ਇਹ ਸਾਰਾ ਕੁੱਝ ਉਸਨੇ ਸਾਡੀ ਦੇਖਭਾਲ ਅਤੇ ਸਾਡੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਕੀਤਾ (1) ਇਹ ਸਭ ਉਸਨੇ ਆਪਣੀ ਖੁਸ਼ਖਬਰੀ ਦੇ ਬਚਨਾਂ ਵਿੱਚ ਇਸ ਕਰਕੇ ਸ਼ਾਮਲ ਕੀਤਾ (2) ਤਾਂ ਜੋ ਇਹ ਦੋਨੋ ਗੱਲਾਂ ਜੋ ਉਹ ਬਾਹਰ ਤੋਂ ਆਪਣੀ ਪਵਿੱਤਰ ਬਾਣੀ ਦੇ ਰਾਹੀਂ ਅਤੇ ਅੰਦਰ ਤੋਂ ਸਾਡੇ ਦਿਲਾਂ ਵਿੱਚ ਕਰਦਾ ਹੈ, ਇਸ ਨੂੰ ਪ੍ਰਗਟ ਕਰ ਸਕੇ। ਇਸ ਤਰੀਕੇ ਨਾਲ ਉਹ ਮੁਕਤੀ ਨੂੰ ਸਾਡੇ ਵਾਸਤੇ ਪੱਕਾ ਕਰਦਾ ਹੈ ਜੋ ਉਹ ਸਾਨੂੰ ਦਿੰਦਾ ਹੈ। ਇਹ ਕ੍ਰਿਪਾ ਦੇ ਵਸੀਲੇ ਦਿਖਾਈ ਦੇਣ ਵਾਲੇ ਨਿਸ਼ਾਨ ਹਨ ਅਤੇ ਜੋ ਚੀਜ਼ ਅੰਦਰੂਨੀ ਹੈ ਅਤੇ ਦਿਖਾਈ ਨਹੀਂ ਦਿੰਦੀ ਉਸਦੀ ਛਾਪ ਹਨ, ਜਿੰਨ੍ਹਾਂ ਦੇ ਦੁਆਰਾ ਪ੍ਰਮੇਸ਼ਵਰ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਸਾਡੇ ਵਿੱਚ ਕੰਮ ਕਰਦਾ ਹੈ। (3) ਇਸ ਕਰਕੇ ਇਹ ਨਿਸ਼ਾਨ ਬੇਅਸਰ ਅਤੇ ਬੇਅਰਥ ਨਹੀਂ ਹਨ ਕਿ ਇਹ ਸਾਨੂੰ ਧੋਖਾ ਦੇਣ। ਕਿਉਂਕਿ ਯਿਸੂ ਮਸੀਹ ਉਨ੍ਹਾਂ ਦੀ ਸੱਚਾਈ ਹੈ; ਉਸ ਤੋਂ ਬਿਨਾਂ ਇਹ ਕੁੱਝ ਨਾ ਹੁੰਦੇ। ਜਿਹਨਾਂ ਕ੍ਰਿਪਾ ਦੇ ਵਸੀਲਿਆਂ ਦਾ ਹੁਕਮ ਸਾਨੂੰ ਮਸੀਹ ਸਾਡੇ ਪ੍ਰਭੂ ਨੇ ਦਿੱਤਾ ਹੈ ਅਸੀ ਉਹਨਾਂ ਦੀ ਗਿਣਤੀ ਤੋਂ ਸੰਤੁਸ਼ਟ ਹਾਂ ਭਾਵ ਬਪਤਿਸਮਾ (4) ਅਤੇ ਪਵਿੱਤਰ ਭੋਜਨ (5)



1 ਉਤ 17:9-14; ਕੂਚ 12; ਰੋਮ 4:11
2 ਮਤੀ 28:19; ਅਫ 5:26.
3 ਰੋਮ 2:28,29; ਕੁਲੁ 2:11,12
4 ਮਤੀ 28:19
5 ਮਤੀ 26:26-28;1 ਕੁਰਿ 11:23-26

## ਆਰਟਿਕਲ 34
## ਬਪਤਿਸਮਾਂ

ਸਾਡਾ ਇਹ ਵਿਸ਼ਵਾਸ ਹੈ ਅਤੇ ਅਸੀਂ ਇਕਰਾਰ ਕਰਦੇ ਹਾਂ ਕਿ ਯਿਸੂ ਮਸੀਹ, ਜੋ ਕਿ ਸਰ੍ਹਾ ਦਾ ਅੰਤ ਹੈ (ਰੋਮੀਆਂ 10:4) ਜਿਸ ਨੇ ਆਪਣੇ ਖੂਨ ਦੇ ਵਹਾਏ ਜਾਣ ਨਾਲ ਹਰ ਤਰ੍ਹਾਂ ਦੇ ਦੂਸਰੇ ਖੂਨ ਵਹਾਏ ਜਾਣ ਦਾ ਅੰਤ ਕਰ ਦਿੱਤਾ ਹੈ ਤਾਂ ਜੋ ਕੋਈ ਵੀ ਪਾਪਾਂ ਨੂੰ ਸ਼ਾਂਤ ਕਰਨ ਜਾਂ ਦੂਰ ਕਰਨ ਵਾਸਤੇ ਵਹਾਇਆ ਜਾਂਦਾ ਹੈ। ਉਸਨੇ ਸੁੰਨਤ ਨੂੰ ਖਤਮ ਕਰ ਦਿੱਤਾ ਹੈ, ਜਿਸ ਵਿੱਚ ਖੂਨ ਸ਼ਾਮਲ ਸੀ ਅਤੇ ਇਸ ਦੀ ਜਗ੍ਹਾਂ ਬਪਤਿਸਮੇ ਦੀ ਰਸਮ ਦਾ ਹੁਕਮ ਦਿੱਤਾ ਹੈ (1) ਬਪਤਿਸਮੇ ਰਾਹੀਂ ਅਸੀਂ ਪ੍ਰਮੇਸ਼ਵਰ ਦੀ ਕਲੀਸੀਯਾਂ ਵਿੱਚ ਕਬੂਲੇ ਜਾਂਦੇ ਹਾ ਅਤੇ ਦੂਸਰੇ ਸਾਰੇ ਲੋਕਾਂ ਤੋਂ ਅਤੇ ਝੂਠੇ ਧਰਮਾਂ ਤੋਂ ਜੁਦਾ ਕੀਤੇ ਜਾਂਦੇ ਹਾਂ, ਤਾਂ ਜੋ ਅਸੀਂ ਪੂਰੀ ਤਰ੍ਹਾਂ ਉਸਦੇ ਪ੍ਰਤੀ ਸਮਰਪਿਤ ਹੋਈਏ (2) ਜਿਸ ਦੇ ਨਿਸ਼ਾਨ ਅਤੇ ਚਿੰਨ੍ਹ ਅਸੀਂ ਪਹਿਨੇ ਹੋਏ ਹਾਂ। ਇਹ ਸਾਡੇ ਵਾਸਤੇ ਇੱਕ ਗਵਾਹੀ ਦਾ ਕੰਮ ਦਿੰਦਾ ਹੈ ਕਿ ਉਹ ਸਦਾ ਵਾਸਤੇ ਸਾਡਾ ਪ੍ਰਮੇਸ਼ਵਰ ਅਤੇ ਕ੍ਰਿਪਾਲੂ ਪਿਤਾ ਹੋਵੇਗਾ। ਇਸੇ ਕਰਕੇ ਉਸਨੇ ਸਾਰਿਆ ਨੂੰ ਜੋ ਉਸਦੇ ਹਨ ਹੁਕਮ ਦਿੱਤਾ ਹੈ ਕਿ ਉਹ ਆਮ ਪਾਣੀ ਨਾਲ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂ ਦਾ ਬਤਸਿਮਾ ਲੈਣ (ਮੱਤੀ 28:19) ਇਸ ਨਾਲ, ਉਹ ਸਾਡੇ ਲਈ ਇਹ ਦਰਸਾਉਂਦਾ ਹੈ ਕਿ ਜਿਸ ਤਰ੍ਹਾਂ ਪਾਣੀ ਸਾਡੇ ਸਰੀਰ ਦੀ ਗੰਦਗੀ ਨੂੰ ਜਿਸ ਵੇਲੇ ਸਾਡੇ ਸਰੀਰ ਉਪਰ ਪਾਇਆ ਜਾਂਦਾ ਹੈ ਸਾਫ ਕਰ ਦਿੰਦਾ ਹੈ, ਅਤੇ ਜਿਸ ਤਰ੍ਹਾਂ ਪਾਣੀ ਉਸਦੇ ਸਰੀਰ ਤੇ ਜਿਸ ਨੂੰ ਬਪਤਿਸਮਾ ਦਿੱਤਾ ਜਾਂਦਾ ਹੈ, ਦਿਖਾਈ ਦਿੰਦਾ ਹੈ, ਜਿਸ ਵੇਲੇ ਉਸ ਉਪਰ ਛਿੜਕਿਆ ਜਾਂਦਾ ਹੈ, ਉਸੇ ਤਰ੍ਹਾਂ ਮਸੀਹ ਦਾ ਖੂਨ ਪਵਿੱਤਰ ਆਤਮਾ ਰਾਹੀਂ ਸਾਡੀ ਜਾਨ ਲਈ ਅੰਦਰੂਨੀ ਤੌਰ ਤੇ ਕੰਮ ਕਰਦਾ ਹੈ (3) ਇਹ ਸਾਡੀ ਜਾਨ ਨੂੰ ਪਾਪਾਂ ਤੋਂ ਧੋਂਦਾ ਅਤੇ ਸਾਫ ਕਰਦਾ ਹੈ (4) ਅਤੇ ਸਾਨੂੰ ਕ੍ਰੋਧ ਦੀ ਸੰਤਾਨ ਤੋਂ ਪ੍ਰਮੇਸ਼ਵਰ ਦੀ ਸੰਤਾਨ ਬਣਾ ਦਿੰਦਾ ਹੈ।(5) ਇਸ ਤਰ੍ਹਾਂ ਪਾਣੀ ਨਾਲ ਨਹੀ ਕੀਤਾ ਗਿਆ।(6) ਪਰ ਪਰਮੇਸ਼ਰ ਦੇ ਪੁੱਤਰ ਦਾ ਬਹੁਤ ਕੀਮਤੀ ਖੂਨ ਛਿੜਕੇ ਜਾਣ ਨਾਲ ਹੋਇਆ, (7) ਜੋ ਕਿ ਸਾਡਾ ਲਾਲ ਸਮੁੰਦਰ ਹੈ (8) ਜਿਸ ਵਿੱਚੋ ਸਾਨੂੰ ਫਿਰਉਨ ਦੇ ਅਤਿਆਚਾਰ ਦੀ ਹਕੂਮਤ ਤੋਂ ਬਚਾਉਣ ਵਾਸਤੇ ਜਰੂਰ ਹੀ ਪਾਰ ਜਾਣਾ ਹੋਵੇਗਾ, ਭਾਗ ਸ਼ੈਤਾਨ ਤੋਂ ਅਤੇ ਕਨਾਨ ਦੇ ਆਤਮਿਕ ਦੇਸ਼ ਵਿੱਚ ਦਾਖ਼ਲ ਹੋਣਾ ਪੈਂਦਾ ਹੈ। ਇਸ ਤਰ੍ਹਾਂ ਸੇਵਕ ਤਾਂ ਸਾਨੂੰ ਇਹ ਕ੍ਰਿਪਾ ਦੇ ਵਸੀਲੇ

ਪ੍ਰਦਾਨ ਕਰਦੇ ਹਨ ਜੋ ਦਿਖਾਈ ਦਿੰਦਾ ਹੈ ਪਰ ਸਾਡਾ ਪ੍ਰਮੇਸ਼ਵਰ ਸਾਨੂੰ ਉਹ ਦਿੰਦਾ ਹੈ ਜੋ ਇਸ ਰਸਮ ਤੋਂ ਦਰਸਾਇਆ ਜਾਂਦਾ ਹੈ ਅਰਥਾਤ ਕ੍ਰਿਪਾ ਅਤੇ ਅਣਦਿਖ ਤੋਹਫੇ। ਉਹ ਸਾਡੀਆਂ ਜਾਨਾਂ ਨੂੰ ਸਾਰੀ ਗੰਦਗੀ ਅਤੇ ਅਧਾਰਮਿਕਤਾ ਤੋਂ ਧੋਂਦਾ ਹੈ, ਛਾਂਗਦਾ ਹੈ ਅਤੇ ਸਾਫ ਕਰਦਾ ਹੈ (9) ਸਾਡੇ ਦਿਲਾਂ ਨੂੰ ਨਵਾਂ ਬਨਾਉਂਦਾ ਹੈ ਅਤੇ ਹਰ ਤਰਾਂ ਦੇ ਦਿਲਾਸੇ ਨਾਲ ਭਰਦਾ ਹੈ ਅਤੇ ਉਸਦੀ ਪਿਤਾ ਵਾਲੀ ਭਲਾਈ ਦੀ ਸੱਚੀ ਨਿਸ਼ਤਿਤਾ ਦਿਲਾਉਂਦਾ ਹੈ। ਸਾਨੂੰ ਨਵੇਂ ਸੁਭਾਉ ਦੇ ਕੱਪੜੇ ਪਹਿਨਾਉਂਦਾ ਹੈ ਅਤੇ ਪੁਰਾਨੇ ਸੁਭਾਉ ਨੂੰ ਇਸ ਦੇ ਸਾਰੇ ਕੰਮਾਂ ਸਮੇਤ ਦੂਰ ਕਰਦਾ ਹੈ (10) ਇਸ ਕਰਕੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਜੋ ਕੋਈ ਸਦੀਪਕ ਜੀਵਨ ਪਾਉਣ ਦੀ ਇੱਛਾ ਕਰਦਾ ਹੈ, ਉਸਨੂੰ ਸਿਰਫ ਇੱਕ ਵਾਰ ਹੀ ਬਪਤਿਸਮਾ ਲੈਣਾ ਚਾਹੀਦਾ ਹੈ (11) ਦੂਸਰੀ ਵਾਰ ਬਪਤਿਸਮਾ ਨਹੀਂ ਲੈਣਾ ਚਾਹੀਦਾ, ਕਿਉਂਕ ਅਸੀਂ ਦੂਸਰੀ ਵਾਰ ਜਨਮ ਨਹੀਂ ਲੈ ਸਕਦੇ ਅਤੇ ਇਸ ਤੋ ਵੀ ਵੱਧ ਬਪਤਿਸਮੇ ਦਾ ਸਾਨੂੰ ਸਿਰਫ ਉਸੇ ਵੇਲੇ ਹੀ ਫਾਇਦਾ ਨਹੀਂ। ਜਿਸ ਵੇਲੇ ਪਾਣੀ ਸਾਡੇ ਉਪਰ ਹੁੰਦਾ ਹੈ ਅਤੇ ਜਿਸ ਵੇਲੇ ਅਸੀਂ ਬਪਤਿਸਮਾ ਲੈਂਦੇ ਹੈ ਪਰ ਅਸੀਂ ਇਸ ਦਾ ਲਾਭ ਸਾਰੇ ਜੀਵਨ ਭਰ ਵਾਸਤੇ ਪਾਉਂਦੇ ਹਾਂ। ਇਸੇ ਕਾਰਨ ਕਰਕੇ ਅਸੀਂ Anabaptists ਵਾਲਿਆ ਦੇ ਝੂਠੇ ਵਿਸ਼ਵਾਸ ਤੋਂ ਇੰਨਕਾਰ ਕਰਦੇ ਹਾਂ, ਜਿਹੜੇ ਇੱਕੋ ਹੀ ਬਪਤਿਸਮੇ ਨਾਲ ਜੋ ਸਿਰਫ ਇੱਕ ਹੀ ਵਾਰ ਲੈਣਾ ਚਾਹੀਦਾ ਹੈ, ਸਬਰ ਨਹੀਂ ਕਰਦੇ ਅਤੇ ਵਿਸ਼ਵਾਸ ਕਰਨ ਵਾਲਿਆ ਦੇ ਛੋਟੇ ਬੱਚਿਆ ਦੇ ਬਪਤਿਸਮੇ ਨੂੰ ਦੋਸ਼ੀ ਠਹਿਰਾਉਂਦੇ ਹਨ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਨ੍ਹਾਂ ਬੱਚਿਆਂ ਦਾ ਬਪਤਿਸਮਾ ਹੋਣਾ ਚਾਹੀਦਾ ਹੈ, ਅਤੇ ਉਨ੍ਹਾਂ ਉਤੇ ਨੇਮ ਦੇ ਨਿਸ਼ਾਨ ਦੀ ਮੋਹਰ ਲਗਣੀ ਚਾਹੀਦੀ ਹੈ। ਜਿਸ ਤਰ੍ਹਾਂ ਕਿ ਇਸਰਾਏਲ ਵਿੱਚ ਛੋਟੇ ਬੱਚਿਆਂ ਦੀ ਸੁੰਨਤ ਉਨ੍ਹਾ ਵਾਇਦਿਆ ਨਾਲ ਜੋ ਅੱਜ ਸਾਡੇ ਬੱਚਿਆਂ ਨਾਲ ਕੀਤੇ ਗਏ ਹਨ, ਕੀਤੀ ਜਾਂਦੀ ਸੀ (12) ਅਸਲ ਵਿੱਚ ਮਸੀਹ ਨੇ ਆਪਣਾ ਖੂਨ ਵਿਸ਼ਵਾਸ ਰੱਖਣ ਵਾਲੇ ਬੱਚਿਆ ਵਾਸਤੇ ਉਨ੍ਹਾ ਹੀ ਵਹਾਇਆ ਜਿੰਨ੍ਹਾਂ ਕਿ ਵੱਡੇ ਬੱਚਿਆ ਵਾਸਤੇ ਵਹਾਇਆ। (13) ਇਸ ਕਰਕੇ ਉਨ੍ਹਾਂ ਨੂੰ ਵੀ ਉਹੋ ਹੀ ਚਿੰਨ੍ਹ, ਅਤੇ ਕ੍ਰਿਪਾ ਦੇ ਵਸੀਲੇ ਪ੍ਰਾਪਤ ਕਰਨੇ ਚਾਹੀਦੇ ਹਨ ਜੋ ਕਿ ਮਸੀਹ ਨੇ ਉਨ੍ਹਾਂ ਵਾਸਤੇ ਕੀਤਾ ਜਿਸ ਤਰ੍ਹਾਂ ਕਿ ਪ੍ਰਭੂ ਨੇ ਬਿਵਸਥਾ ਵਿੱਚ ਹੁਕਮ ਦਿੱਤਾ ਕਿ ਬੱਚਿਆਂ ਦੇ ਜਨਮ ਤੋਂ ਜਲਦੀ ਬਾਅਦ ਲੇਲੇ ਦੀ ਬਲੀ ਦਿੱਤੀ ਜਾਣੀ ਚਾਹੀਦੀ ਸੀ (14) ਇਹ ਯਿਸੂ ਮਸੀਹ ਦੇ ਮਨੋਭਾਵ ਅਤੇ ਮੌਤ ਦਾ ਕ੍ਰਿਪਾ ਦਾ ਵਸੀਲਾ ਸੀ। ਕਿਉਂਕਿ ਬਪਤਿਸਮਾ ਦਾ ਸਾਡੇ ਬੱਚਿਆਂ ਵਾਸਤੇ ਉਹ ਹੀ ਅਰਥ ਹੈ ਜੋ ਇਸਰਾਏਲੀ ਲੋਕਾਂ ਵਾਸਤੇ ਸੁੰਨਤ ਦਾ ਸੀ, ਪੌਲੁਸ ਰਸੂਲ ਬਪਤਿਸਮਾ ਨੂੰ ਮਸੀਹ ਦੀ ਸੁੰਨਤ ਆਖਦਾ ਹੈ।
(ਕੁਲੁਸੀਆਂ 2:11)

1 ਕੁਲੁ 2:11
2 ਕੂਚ 12:48; 1ਪਤ 2:9
3 ਮਤੀ 3:11; 1ਕੁਰਿ 12:13



4 ਕਰ 22:16; ਇਬ 9:14; 1 ਯੂਹ 1:7; ਪਰ 1:56.
5 ਤੀਤੂ 3:5
6 1ਪਤ 3:21
7 ਰੋਮ 6:3: 1ਪਤ 1:2; 1ਪਤ 2:24
8 1ਕੁਰਿ 10:1-4
9 1ਕੁਰਿ 6:11; ਅਫ 5:26
10 ਰੋਮ 6:4; ਗਲ 3:27
11 ਮਤੀ 28:19; ਅਫ 4:5
12 ਉਤ 17:10-12; ਮਤੀ 19:14; ਕਰ 2:39
13 1ਕੁਰਿ 7:14
14 ਲੇਵ 12:6

## ਆਰਟਿਕਲ 35
## ਪ੍ਰਭੂ ਭੋਜ

ਅਸੀਂ ਇਹ ਵਿਸ਼ਵਾਸ ਅਤੇ ਇਕਰਾਰ ਕਰਦੇ ਹਾਂ ਕਿ ਸਾਡੇ ਮੁਕਤੀਦਾਤਾ ਯਿਸੂ ਮਸੀਹ ਨੇ ਪਵਿੱਤਰ ਭੋਜ ਉਨ੍ਹਾ ਨੂੰ ਮਜਬੂਤ ਅਤੇ ਕਾਇਮ ਕਰਨ ਲਈ ਠਹਿਰਾਇਆ, ਜਿੰਨ੍ਹਾ ਨੂੰ ਉਸਨੇ ਪਹਿਲਾਂ ਹੀ ਨਵਾਂ ਜਨਮ ਦਿੱਤਾ ਅਤੇ ਆਪਣੇ ਪਰਿਵਾਰ ਵਿੱਚ, ਜੋ ਕਿ ਉਸਦੀ ਕਲੀਸੀਆ ਹੈ, ਜੋੜ ਦਿੱਤਾ ਹੈ। ਜਿਹੜੇ ਨਵੇਂ ਸਿਰੇਂ ਤੋਂ ਪੈਦਾ ਹੋਏ ਹਨ ਉਨ੍ਹਾਂ ਕੋਲ ਦੋ ਤਰ੍ਹਾਂ ਦਾ ਜੀਵਨ ਹੈ (2) ਇੱਕ ਸਰੀਰਕ ਅਤੇ ਅਸਥਾਈ ਹੈ, ਜੋ ਉਨ੍ਹਾਂ ਨੂੰ ਪਹਿਲੇ ਜਨਮ ਵਿੱਚ ਮਿਲਿਆ ਸੀ ਅਤੇ ਹਰ ਮਨੁੱਖ ਵਾਸਤੇ ਇੱਕੋ ਜਿਹਾ ਹੈ। ਦੂਸਰਾ ਆਤਮਿਕ ਅਤੇ ਸੁਰਗੀ ਹੈ, ਜੋ ਉਨ੍ਹਾ ਨੂੰ ਦੂਸਰੇ ਜਨਮ ਵਿੱਚ ਮਿਲਦਾ ਹੈ ਅਤੇ ਜਿਹੜਾ ਖੁਸ਼ਖਬਰੀ ਦੀ ਬਾਣੀ (3) ਦੁਆਰਾ ਮਸੀਹ ਦੀ ਦੇਹ ਦੀ ਸੰਗਤੀ ਵਿੱਚ ਪਾਇਆ ਜਾਂਦਾ ਹੈ। ਇਹ ਜੀਵਨ ਸਾਰੇ ਲੋਕਾਂ ਵਾਸਤੇ ਨਹੀਂ ਹੈ ਪਰ ਸਿਰਫ ਪ੍ਰਮੇਸ਼ਵਰ ਦੇ ਚੁਣੇ ਲੋਏ ਲੋਕਾਂ ਵਾਸਤੇ ਹੈ। ਭੌਤਿਕ ਅਤੇ ਧਰਤੀ ਉਤੱਲੇ ਜੀਵਨ ਦੀ ਮਦਦ ਵਾਸਤੇ ਪ੍ਰਮੇਸ਼ਵਰ ਨੇ ਜਮੀਨੀ ਅਤੇ ਸ਼ਰੀਰਕ ਭੋਜਨ ਠਹਿਰਾਇਆ ਹੈ। ਇਹ ਭੋਜਨ ਸਭ ਵਾਸਤੇ ਆਮ ਹੈ ਜਿਸ ਤਰ੍ਹਾਂ ਜੀਵਨ ਸਭ ਵਾਸਤੇ ਆਮ ਹੈ। ਆਤਮਕ ਅਤੇ ਸੁਰਗੀ ਜੀਵਨ ਨੂੰ ਕਾਇਮ ਰੱਖਣ ਵਾਸਤੇ ਜੋ ਵਿਸ਼ਵਾਸ ਰੱਖਣ ਵਾਲਿਆ ਵਿੱਚ ਹੈ, ਉਸਨੇ ਜੀਵਨ ਦੀ ਰੋਟੀ ਭੇਜੀ ਹੈ, ਜਿਹੜੀ ਸੁਰਗ ਤੋਂ ਉਤਰੀ ਹੈ (ਯੂਹੰਨਾ 6:51) ਭਾਵ ਯਿਸੂ ਮਸੀਹ (4) ਜੋ ਵਿਸ਼ਵਾਸੀਆ ਦੇ ਆਤਮਿਕ ਜੀਵਨ ਦੀ ਦੇਖਭਾਲ ਕਰਦਾ ਅਤੇ ਉਸਨੂੰ ਕਾਇਮ ਰੱਖਦਾ ਹੈ (5) ਜਿਸ ਵੇਲੇ ਉਹ ਉਸਨੂੰ ਖਾਂਦੇ ਹਨ, ਜੋ ਕਿ ਆਤਮਿਕ ਤੌਰ ਤੇ ਢੁੱਕਵਾਂ ਹੈ ਅਤੇ ਵਿਸ਼ਵਾਸ ਨਾਲ ਕਬੂਲ ਕੀਤਾ ਜਾਂਦਾ ਹੈ। ਸਾਨੂੰ ਆਤਮਕ ਅਤੇ ਸੁਰਗੀ ਭੋਜਨ ਦੇਣ ਵਾਸਤੇ ਮਸੀਹ ਨੇ ਦੁਨਿਆਵੀ ਅਤੇ ਦਿਖਾਈ ਦੇਣ ਵਾਲਾ ਭੋਜਨ ਠਹਿਰਾਇਆ ਸੀ ਜਿਹੜਾ ਉਸਦੇ ਸਰੀਰ ਅਤੇ ਦਾਖਰਸ ਰਸਮ ਵਿੱਚ ਹੈ। ਉਸ ਦੇ ਖੂਨ ਦੀ ਰਸਮ ਵਿੱਚ ਹੈ (7)

ਉਹ ਸਾਡੇ ਵਾਸਤੇ ਗਵਾਹੀ ਹੈ ਕਿ ਜਿੰਨੀ ਪਕਿਆਈ ਨਾਲ ਅਸੀਂ ਇਹ ਰਸਮ ਆਪਣੇ ਹੱਥਾਂ ਵਿੱਚ ਪੱਕੜਦੇ ਹਾਂ ਅਤੇ ਆਪਣੇ ਮੂੰਹ ਨਾਲ ਖਾਂਦੇ ਅਤੇ ਪੀਂਦੇ ਹਾਂ, ਜਿਸ ਨਾਲ ਸਾਡਾ ਸਰੀਰਕ ਜੀਵਨ ਕਾਇਮ ਰਹਿੰਦਾ ਹੈ, ਉਸੇ ਤਰ੍ਹਾ ਹੀ ਸੱਚਮੁੱਚ ਵਿਸ਼ਵਾਸ ਨਾਲ (8) ਆਪਣੀ ਜਾਨ ਦੇ ਹੱਥ ਅਤੇ ਮੂੰਹ ਨਾਲ ਮਸੀਹ ਜੋ ਸਾਡਾ ਇੱਕੋ ਇੱਕ ਮੁਕਤੀਦਾਤਾ ਹੈ ਉਸਦੇ ਸੱਚੇ ਸਰੀਰ ਅਤੇ ਸੱਚੇ ਖੂਨ ਨਾਲ ਸਾਡੇ ਆਤਮਿਕ ਜੀਵਨ ਵਾਸਤੇ ਸਾਡੀਆਂ ਜਾਨਾਂ ਵਿੱਚ ਕਰਦਾ ਹੈ। ਇਹ ਸ਼ੱਕ ਤੋਂ ਬਹੁਤ ਦੂਰ ਹੈ ਕਿ ਮਸੀਹ ਯਿਸੂ ਨੇ ਇਹ ਰਸਮਾਂ ਬੇਫਾਇਦਾ ਸਾਨੂੰ ਨਹੀਂ ਸੀ ਦਿੱਤੀਆਂ। ਇਸ ਵਾਸਤੇ ਜੋ ਸਾਨੂੰ ਉਹ ਇਨ੍ਹਾਂ ਪਵਿੱਤਰ ਨਿਸ਼ਾਨਾਂ ਦੇ ਰਾਹੀਂ ਦਰਸਾਉਂਦਾ ਹੈ। ਉਹੋ ਹੀ ਸਾਡੇ ਵਿੱਚ ਕੰਮ ਕਰਦਾ ਹੈ। ਇਹ ਅਸੀਂ ਨਹੀਂ ਸਮਝਦੇ ਕਿ ਇਹ ਕਿਸ ਤਰੀਕੇ ਨਾਲ ਹੁੰਦਾ ਹੈ ਠੀਕ ਜਿਸ ਤਰ੍ਹਾਂ ਅਸੀਂ ਪ੍ਰਮੇਸ਼ਵਰ ਦੇ ਪਵਿੱਤਰ ਆਤਮਾ ਦੀ ਛੁੱਪੀ ਹੋਈ ਸਰਗਰਮੀ ਨੂੰ ਨਹੀਂ ਸਮਝਦੇ (9) ਫਿਰ ਵੀ ਅਸੀਂ ਇਹ ਕਹਿਣ ਵਿੱਚ ਗਲਤ ਨਹੀਂ ਹੁੰਦੇ ਜਿਸ ਵੇਲੇ ਅਸੀਂ ਇਹ ਕਹਿੰਦੇ ਹਾਂ ਕਿ ਅਸੀਂ ਜੋ ਖਾਂਦੇ ਅਤੇ ਪੀਂਦੇ ਹਾਂ ਉਹ ਮਸੀਹ ਦਾ ਸੱਚਾ ਸੁਭਾਵਿਕ ਸਰੀਰ ਅਤੇ ਸੱਚਾ ਖੂਨ ਹੈ। ਫਿਰ ਵੀ ਜਿਸ ਤਰ੍ਹਾ ਅਸੀਂ ਖਾਂਦੇ ਹਾਂ ਉਹ ਮੂੰਹ ਨਾਲ ਨਹੀਂ ਹੈ ਪਰ ਵਿਸ਼ਵਾਸ ਰਾਹੀਂ ਆਤਮਾ ਨਾਲ। ਉਸੇ ਤਰ੍ਹਾਂ ਯਿਸੂ ਮਸੀਹ ਸੁਰਗ ਵਿੱਚ ਪ੍ਰਮੇਸ਼ਵਰ ਆਪਣੇ ਪਿਤਾ ਦੇ ਸੱਜੇ ਹੱਥ ਸਦਾ ਬਿਰਾਜਮਾਨ ਰਹਿੰਦਾ ਹੈ (10) ਫਿਰ ਵੀ ਵਿਸ਼ਵਾਸ ਰਾਹੀਂ ਉਹ ਸਾਡੇ ਨਾਲ ਸੰਪਰਕ ਰੱਖਣ ਤੋਂ ਰੁਕਦਾ ਨਹੀਂ। ਇਹ ਭੋਜ਼ ਇੱਕ ਆਤਮਕ ਮੇਜ਼ ਹੈ ਜਿਸ ਵਿੱਚ ਸਾਨੂ ਮਸੀਹ ਆਪਣੇ ਸਾਰੇ ਫਾਇਦਿਆਂ ਨਾਲ ਆਪਣੇ ਆਪਦਾ ਸਾਥੀ ਬਣਾਉਂਦਾ ਹੈ ਅਤੇ ਸਾਡੇ ਤੇ ਕਰਮ ਕਰਦਾ ਹੈ ਤਾਂ ਜੋ ਅਸੀਂ ਉਸਦਾ ਅਤੇ ਉਸਦੇ ਦੁਖਾਂ ਅਤੇ ਮੌਤ ਦੋਨਾਂ ਦਾ ਅਨੰਦ ਲੈ ਸਕੀਏ (11) ਉਸ ਦਾ ਮਾਸ ਖਾਣ ਨਾਲ ਉਹ ਉਹ ਸਾਡੀਆ ਲਾਚਾਰ ਅਤੇ ਉਜੜੀਆ ਹੋਈਆ ਜਾਨਾਂ ਦੀ ਦੇਖਭਾਲ ਅਤੇ ਨਰੋਇਆ ਕਰਦਾ ਹੈ ਅਤੇ ਦਿਲਾਸਾ ਦਿੰਦਾ ਹੈ, ਅਤੇ ਉਸ ਦਾ ਲਹੂ ਪੀਣ ਨਾਲ ਉਹ ਇੰਨ੍ਹਾਂ ਨੂੰ ਤਾਜ਼ਾ ਕਰਦਾ ਹੈ ਅਤੇ ਨਵਾਂ ਬਨਾਉਦਾ ਹੈ। ਭਾਵੇਂ ਇਹ ਕ੍ਰਿਪਾ ਦਾ ਵਸੀਲਾ ਉਸ ਨਾਲ ਜੜਿਆ ਹੋਇਆ ਹੈ ਜੋ ਜਾਹਿਰ ਹੈ ਫਿਰ ਵੀ ਇਹ ਬਾਅਦ ਵਾਲੀ ਚੀਜ਼ ਹਮੇਸ਼ਾ ਸਭਨਾਂ ਦੁਆਰਾ ਪ੍ਰਾਪਤ ਨਹੀਂ ਕੀਤੀ ਜਾਂਦੀ। (12) ਦੁਸ਼ਟ ਜਰੂਰ ਹੀ ਆਪਣੇ ਦੋਸ਼ੀ ਠਹਿਰਨ ਵਾਸਤੇ ਇਸਨੂੰ ਲੈਂਦਾ ਹੈ ਪਰ ਉਹ ਇਸ ਰਸਮ ਦੀ ਸਚਾਈ ਨੂੰ ਨਹੀਂ ਲੈਂਦਾ। ਇਸੇ ਤਰਾਂ ਯਹੂਦਾਹ ਅਤੇ ਸ਼ਮਊਨ ਜਾਦੂ ਟੂਣਾਂ ਕਰਨ ਵਾਲੇ ਦੋਹਾ ਨੇ। ਇਸ ਰਸਮ ਨੂੰ ਕਬੂਲ ਕੀਤਾ, ਪਰ ਉਨ੍ਹਾਂ ਨੇ ਮਸੀਹ ਨੂੰ ਕਬੂਲ ਨਹੀਂ ਕੀਤਾ, ਜਿਸ ਨਾਲ ਇਸ ਨੂੰ ਦਰਸਾਇਆ ਜਾਂਦਾ ਹੈ (13) ਉਸ ਕੋਲ ਸਿਰਫ ਵਿਸ਼ਵਾਸੀ ਲੋਕ ਹੀ ਆ ਸਕਦੇ ਹਨ (14) ਅੰਤ ਵਿੱਚ ਅਸੀਂ ਇਸ ਪਵਿੱਤਰ ਰਸਮ ਨੂੰ ਪ੍ਰਮੇਸਵਰ ਦੇ ਲੋਕਾਂ ਦੇ ਇੱਕਠ ਵਿੱਚ ਹੀ (15) ਬੜੀ ਨਿਮਰਤਾ ਅਤੇ ਆਦਰ ਭਾਵ ਨਾਲ ਕਬੂਲ ਕਰਦੇ ਹਾਂ ਜਿਸ ਵੇਲੇ ਅਸੀਂ ਆਪਣੇ ਮੁਕਤੀਦਾਤਾ ਮਸੀਹ ਦੀ ਮੌਤ ਨੂੰ ਧੰਨਵਾਦੀ ਹੋ ਕੇ ਯਾਦ ਕਰਦੇ ਹਾਂ ਅਤੇ ਅਸੀਂ ਆਪਣੇ ਵਿਸ਼ਵਾਸ ਅਤੇ ਮਸੀਹੀ ਧਰਮ ਦਾ ਇਕਰਾਰ ਕਰਦੇ



ਹਾਂ (16) ਇਸ ਕਰਕੇ ਕਿਸੇ ਨੂੰ ਵੀ ਇਸ ਭੋਜਨ ਵਿੱਚ ਚੰਗੀ ਤਰ੍ਹਾਂ ਆਪਣੇ ਆਪ ਦੀ ਜਾਂਚ ਕਰਨ ਤੋਂ ਬਿਨ੍ਹਾਂ ਨਹੀਂ ਆਉਂਣਾ ਚਾਹੀਦਾ, ਤਾਂ ਜੋ ਇਸ ਤਰ੍ਹਾਂ ਨਾ ਹੋਵੇ ਕਿ ਅਸੀਂ ਰੋਟੀ ਦੇ ਖਾਣ ਨਾਲ ਅਤੇ ਉਸ ਪਿਆਲੇ ਵਿੱਚੋਂ ਪੀਣ ਨਾਲ, ਉਹ ਆਪਣੇ ਵਾਸਤੇ ਪ੍ਰਮੇਸਵਰ ਦੀ ਸਜਾ ਨੂੰ ਖਾਵੇ ਅਤੇ ਪੀਵੇ। (1 ਕੁਰਿੰਥੁਸ 10:28, 29) ਸੰਖੇਪ ਵਿੱਚ ਇਸ ਪਵਿੱਤਰ ਰਸਮ ਨੂੰ ਕਬੂਲ ਕਰਨ ਨਾਲ ਸਾਡੇ ਸਾਡੇ ਦਿਲਾਂ ਵਿੱਚ ਪ੍ਰਮੇਸ਼ਵਰ ਅਤੇ ਆਪਣੇ ਗਵਾਂਢੀਆਂ ਵਾਸਤੇ ਸੱਚਾ ਪਿਆਰ ਪੈਦਾ ਹੁੰਦਾ ਹੈ। ਇਸ ਕਰਕੇ, ਅਸੀ ਬਾਕੀ ਸਾਰੀਆਂ ਮਨੁੱਖੀ ਕਾਢਾਂ ਅਤੇ ਗੋਲਾਂ ਨੂੰ ਜਿੰਨ੍ਹਾਂ ਨੂੰ ਲੋਕਾਂ ਨੇ ਇਸ ਨਾਲ ਮਿਲਾ ਦਿੱਤਾ ਹੈ, ਨੂੰ ਨਕਾਰਦੇ ਹਾਂ। ਅਸੀਂ ਇਹ ਐਲਾਨ ਕਰਦੇ ਹਾਂ ਕਿ ਸਾਨੂੰ ਉਸ ਹੁਕਮ ਨਾਲ ਜੋ ਮਸੀਹ ਅਤੇ ਉਸਦੇ ਰਸੂਲਾਂ ਨੇ ਸਾਨੂੰ ਸਿਖਾਇਆ ਹੈ, ਉਸ ਤੇ ਹੀ ਸਬਰ ਕਰਨਾ ਚਾਹੀਦਾ ਹੈ ਅਤੇ ਉਸੇ ਤਰ੍ਹਾਂ ਹੀ ਉਸ ਦੀ ਮੁਨਾਦੀ ਕਰਦੇ ਹਾਂ ਜਿਸ ਤਰ੍ਹਾਂ ਉਨ੍ਹਾਂ ਨੇ ਕੀਤੀ ਸੀ।

1 ਮਤੀ 26:26–28; ਮਰ 14:22–24; ਲੂਕ 22:19, 20; 1 ਕੁਰਿ 11:23–26
2 ਯੂਹ 3:5,6
3 ਯੂਹ 5:25
4 ਯੂਹ 6:48-51
5 ਯੂਹ 6:63; ਯੂਹ 10:10
6 ਯੂਹ 6:40, 47
7 ਯੂਹ 6:55; 1ਕੁਰਿ 10:16
8 ਅਫ 3:17
9 ਯੂਹ 3:8
10 ਮਰ 16:19; ਕਰ 3:21
11 ਰੋਮ 8:32; 1ਕੁਰਿ 10;3,4
12 1ਕੁਰਿ 2:14
13 ਲੂਕ 22:21, 22; ਕਰ 8:13, 21
14 ਯੂਹ 3:36
15 ਕਰ 2:42; ਕਰ 20:7
16 ਕਰ 2:46 ; 1ਕੁਰਿ 11:26

## ਆਰਟਿਕਲ 36
## ਜਨਤਕ ਸਰਕਾਰ

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਮਨੁੱਖ ਦੇ ਪਾਪ ਵਿੱਚ ਪੈਣ ਕਾਰਨ ਸਾਡੇ ਕ੍ਰਿਪਾਲੂ ਪਰਮੇਸ਼ਰ ਨੇ ਰਾਜਿਆਂ, ਰਾਜ ਕੁਮਾਰਾਂ ਅਤੇ ਜਨਮ ਅਧਿਕਾਰੀਆਂ ਨੂੰ ਥਾਪਿਆ ਸੀ (1) ਉਹ ਚਾਹੁੰਦਾ ਹੈ ਕਿ ਜਗਤ ਦਾ ਸੰਚਾਲਨ, ਕਾਨੂੰਨਾਂ ਅਤੇ

ਨਿਤੀਆਂ ਨਾਲ ਚਲਾਇਆ ਜਾਵੇ (2) ਤਾਂ ਕਿ ਮਨੁੱਖਾਂ ਦੀ ਬਦਕਾਰੀ ਨੂੰ ਰੋਕਿਆ ਜਾਵੇ ਅਤੇ ਉਨ੍ਹਾਂ ਵਿੱਚ ਹਰ ਚੀਜ਼ ਦਾ ਚੰਗੇ ਢੰਗ ਨਾਲ ਪ੍ਰਬੰਧ ਕੀਤਾ ਜਾਵੇ (3) ਇਸ ਕਰਕੇ ਉਸ ਨੇ ਸਰਕਾਰ ਦੇ ਹੱਥ ਵਿੱਚ ਤਲਵਾਰ ਦੇ ਰੱਖੀ ਹੈ ਕਿ ਗਲਤ ਕੰਮ ਕਰਨ ਵਾਲਿਆ ਨੂੰ ਸਜ਼ਾ ਦੇਵੇ ਅਤੇ ਭਲਾਈ ਕਰਨ ਵਾਲਿਆ ਦੀ ਦੇਖਭਾਲ ਕਰੋ (ਰੋਮ 13:4) ਉਨ੍ਹਾ ਦਾ ਇਹ ਰੋਕਣ ਅਤੇ ਕਾਇਮ ਰੱਖਣ ਦਾ ਕੰਮ ਆਮ ਜਨਤਾ ਦੇ ਲਈ ਨਿਯਮਿਤਤਾ ਕਾਇਮ ਕਰਨਾ ਹੀ ਨਹੀਂ ਹੈ ਪਰ ਇਸ ਵਿੱਚ ਕਲੀਸੀਯਾ ਅਤੇ ਉਸ ਦੀ ਸੇਵਾ ਦੀ ਰੱਖਿਆ ਵੀ ਸ਼ਾਮਲ ਹੈ, ਤਾਂ ਕਿ ਮਸੀਹ ਦਾ ਰਾਜ ਆ ਸੱਕੇ। ਪ੍ਰਮੇਸ਼ਵਰ ਦੀ ਬਾਣੀ ਦਾ ਹਰ ਜਗ੍ਹਾਂ ਪ੍ਰਚਾਰ ਕੀਤਾ ਜਾ ਸਕੇ (4) ਅਤੇ ਪ੍ਰਮੇਸ਼ਵਰ ਦਾ ਆਦਰ ਮਾਣ ਅਤੇ ਸੇਵਾ ਸਾਰੇ ਕਰਨ ਜਿਸ ਤਰ੍ਹਾਂ ਕਿ ਉਹ ਆਪਣੀ ਪਵਿੱਤਰ ਬਾਣੀ ਵਿੱਚ ਸਾਡੇ ਕੋਲੋਂ ਚਾਹੁੰਦਾ ਹੈ। ਇਸ ਤੋਂ ਇਲਾਵਾ, ਚਾਹੇ ਉਹ ਕਿਸੇ ਵੀ ਖੂਬੀ, ਹਾਲਤ ਜਾਂ ਪਦਵੀ ਵਾਲਾ ਹੋਵੇ ਹਰ ਇੱਕ ਨੂੰ ਚਾਹੀਦਾ ਹੈ ਕਿ ਉਹ ਜਨਤਕ ਅਧਿਕਾਰੀਆਂ ਦੇ ਪ੍ਰਤੀ ਵਫ਼ਾਦਾਰ ਰਹਿਣ, ਟੈਕਸ ਦੇਣ, ਉਨ੍ਹਾ ਦਾ ਆਦਰ ਕਰਨ ਅਤੇ ਹਰ ਗੱਲ ਵਿੱਚ ਉਨ੍ਹਾਂ ਦੇ ਆਗਿਆਕਾਰ ਰਹਿਣ (5) ਜਿਹੜਾ ਕਿ ਪ੍ਰਮੇਸ਼ਵਰ ਦੀ ਬਾਣੀ ਦੇ ਵਿਰੁੱਧ ਨਾ ਹੋਵੇ (6) ਸਾਨੂੰ ਉਨ੍ਹਾਂ ਵਾਸਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਪ੍ਰਮੇਸ਼ਵਰ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਅਗਵਾਈ ਕਰੇ ਤਾਂ ਕਿ ਅਸੀਂ ਅਮਨ ਚੈਨ ਵਾਲਾ, ਜੀਵਨ ਪ੍ਰਮੇਸ਼ਵਰ ਤੋਂ ਪੂਰੀ ਤਰ੍ਹਾ ਨਾਲ ਡਰਦੇ ਹੋਏ ਆਦਰ ਨਾਲ ਗੁਜਾਰੀਏ (1ਤਿਮੋਥਿਉਸ 2:1,2)

ਇਸ ਕਾਰਨ ਕਰਕੇ ਅਸੀਂ Anabaptist ਅਤੇ ਦੂਸਰੇ ਬਗਾਵਤ ਕਰਨ ਵਾਲੇ ਲੋਕਾਂ ਦੀ ਨਿੰਦਾ ਕਰਦੇ ਹਾਂ ਅਤੇ ਆਮ ਤੌਰ ਤੇ ਉਨ੍ਹਾਂ ਸਾਰਿਆ ਦੀ ਵੀ ਜਿਹੜੇ ਸਰਕਾਰੀ ਇਖਤਿਆਰ ਵਾਲਿਆ ਅਤੇ ਜਨਤਕ ਅਧਿਕਾਰੀਆਂ ਦੇ ਵਫ਼ਾਦਾਰ ਨਹੀਂ ਹਨ ਅਤੇ ਇਨਸਾਫ ਦੀ ਤੋੜ ਮਰੋੜ ਕਰਦੇ ਹਨ (7) ਦੂਸਰਿਆ ਦੀਆ ਚੀਜ਼ਾ ਦੀ ਵਰਤੋਂ ਕਰਦੇ ਹਨ ਅਤੇ ਪ੍ਰਮੇਸ਼ਵਰ ਨੇ ਆਦਮੀਆਂ ਨੂੰ ਆਪਸ ਵਿੱਚ ਭਾਈਚਾਰਾ ਰੱਖਣ ਦਾ ਜੋ ਹੁਕਮ ਦਿੱਤਾ ਹੈ ਉਸ ਨੂੰ ਗੁੰਝਲਦਾਰ ਬਣਾਉਦੇ ਹਨ।

1 ਕਹਾ 8:15; ਦਾਨੀ 2:21; ਯੂਹ 19:11, ਰੋਮ 13:1
2 ਕੂਚ 18:20
3 ਵਿਵ 1:16; ਵਿਵ 16:19; ਲਿਆ 21:25; ਭਜ 82; ਯਿਰ 21:12; ਯਿਰ 22:3; 1 ਪਤ 2:13,14
4 ਭਜ 2;ਰੋਮ 13:4a, 1ਤਿਮੋ 2:1-4
5 ਮਤੀ 17:27; ਮਤੀ 22:21; ਰੋਮ 13:7; ਤੀਤੁ 3:1; 1 ਪਤ 2:17
6 ਕਰ 4:19; ਕਰ 5:29
7 2 ਪਤ 2:10; ਯਹੂ 8



# ਆਰਟਿਕਲ 37
# ਆਖਰੀ ਨਿਆਂ

ਅੰਤ ਵਿੱਚ ਪ੍ਰਮੇਸ਼ਵਰ ਦੀ ਬਾਣੀ ਅਨੁਸਾਰ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਜਦੋਂ ਪ੍ਰਮੇਸ਼ਵਰ ਦਾ ਠਹਿਰਾਹਿਆ ਹੋਇਆ ਸਮਾਂ ਆਵੇਗਾ (1) ਜਿਸ ਦਾ ਸਾਰੀ ਸਰਿਸ਼ਟੀ ਨੂੰ ਕੋਈ ਪਤਾ ਨਹੀਂ ਅਤੇ ਚੁਣੇ ਹੋਏ ਲੋਕਾਂ ਦੀ ਗਿਣਤੀ ਪੂਰੀ ਹੋ ਜਾਵੇ। (2) ਤਦ ਸਾਡਾ ਪ੍ਰਭੂ ਯਿਸੂ ਮਸੀਹ ਅਕਾਸ਼ ਤੋਂ ਦੇਹ ਵਿੱਚ ਹੋ ਕੇ ਵੇਖਦਿਆਂ ਵੇਖਦਿਆਂ ਉਸੇ ਤਰ੍ਹਾ ਫਿਰ ਆਵੇਗਾ (3) ਜਿਸ ਤਰ੍ਹਾ ਉਹ ਵੱਡੀ ਮਹਿਮਾਂ ਅਤੇ ਸ਼ਾਨ ਨਾਲ ਅਸਮਾਨ ਉਪੱਰ ਗਿਆ ਸੀ (ਚੇਲਿਆ ਦੇ ਕਰੱਤਵ 1:11) (4) ਉਹ ਅਪਾਣੇ ਆਪ ਨੂੰ ਜਿਉਂਦੇ ਅਤੇ ਮੁਰਦਿਆਂ ਦਾ ਇਨਸਾਫ ਕਰਨ ਵਾਲਾ ਹੋਣਾ ਐਲਾਨ ਕਰੇਗਾ (5) ਅਤੇ ਇਸ ਪੁਰਾਣੇ ਜਗਤ ਨੂੰ ਅੱਗ ਨਾਲ ਪਵਿੱਤਰ ਕਰਨ ਲਈ (6) ਫਿਰ ਸਾਰੇ ਲੋਕੀਂ, ਆਦਮੀ, ਔਰਤਾਂ ਅਤੇ ਬੱਚੇ ਜੋ ਵੀ ਦੁਨੀਆਂ ਦੇ ਸ਼ੁਰੂ ਤੋ ਲੈ ਕੇ ਅੰਤ ਤੱਕ ਜਿਉਂਦੇ ਰਹੇ ਸੀ ਸਰੀਰਕ ਤੌਰ ਤੇ ਇਸ ਮਹਾਨ ਜੱਜ ਦੇ ਸਾਹਮਣੇ ਹਾਜਰ ਹੋਣਗੇ (7) ਅਤੇ ਪ੍ਰਧਾਨ ਦੂਤ ਦੀ ਅਵਾਜ਼ ਅਤੇ ਪ੍ਰਮੇਸ਼ਵਰ ਦੀ ਤੁਰੀ ਦੇ ਨਾਲ ਉਨ੍ਹਾਂ ਨੂੰ ਬੁਲਾਇਆ ਜਾਵੇਗਾ (1 ਥਸਲੁਨੀਕੀਆ 4:16) ਜੋ ਉਸ ਸਮੇਂ ਤੋਂ ਪਹਿਲਾ ਮਰ ਚੁੱਕੇ ਹੋਣਗੇ ਉਹ ਕਬਰਾਂ ਵਿੱਚੋ ਉਠਣਗੇ (8) ਜਿਸ ਤਰ੍ਹਾ ਕਿ ਉਨ੍ਹਾਂ ਦੀਆ ਰੂਹਾਂ ਨੂੰ ਉਨ੍ਹਾਂ ਦੇ ਆਪਣੇ ਸਰੀਰ ਨਾਲ ਜੋੜ ਦਿੱਤਾ ਜਾਵੇ, ਜਿਨ੍ਹਾ ਵਿੱਚ ਉਹ ਜਿੰਦਾ ਰਹੇ ਸੀ। ਉਹ ਜਿਹੜੇ ਉਸ ਸਮੇਂ ਵੀ ਜਿੰਦਾ ਹੋਣਗੇ ਦੂਸਰਿਆਂ ਦੀ ਤਰ੍ਹਾ ਮਰਨਗੇ ਨਹੀਂ ਪਰ ਅੱਖ ਦੀ ਝਪਕ ਵਿੱਚ ਨਾਸ਼ ਹੋਣ ਵਾਲੀ ਜਿੰਦਗੀ ਤੋਂ ਅਮਰ ਜੀਵਨ ਵਿੱਚ ਬਦਲ ਦਿੱਤੇ ਜਾਣਗੇ (9) ਫਿਰ ਪੁਸਤਕਾਂ ਖੋਲ੍ਹੀਆ ਜਾਣਗੀਆਂ ਅਤੇ ਮੁਰਦਿਆਂ ਦਾ ਨਿਆਂ ਕੀਤਾ ਜਾਵੇ। (ਪ੍ਰਕਾਸ ਦੀ ਪੋਥੀ 20:12) ਇਹ ਉਨ੍ਹਾਂ ਦੇ ਚੰਗੇ ਜਾ ਬੁਰੇ ਕੰਮਾਂ ਦੇ ਅਧਾਰ ਤੇ ਜੋ ਕੁੱਝ ਵੀ ਉਨ੍ਹਾਂ ਨੇ ਇਸ ਦੁਨੀਆਂ ਵਿੱਚ ਕੀਤਾ ਸੀ, ਹੋਵੇਗਾ (2 ਕੁਰਿੰਥੁਸ 5:10 ) (10) ਅਸਲ ਵਿੱਚ ਲੋਕ ਆਪਣੇ ਹਰ ਬਿਨਾਂ ਸਾਵਧਾਨੀ ਤੋਂ ਕਹੇ ਸ਼ਬਦ ਦਾ ਲੇਖਾ ਦੇਣਗੇ (ਮੱਤੀ 12:36) ਜਿਸ ਗੱਲ ਨੂੰ ਦੁਨੀਆਂ ਸਿਰਫ ਮਖੌਲ ਅਤੇ ਹਾਸੇ ਵਾਲੀ ਗੱਲ ਹੀ ਸਮਝਦੀ ਹੈ, ਫਿਰ ਲੋਕਾਂ ਦੇ ਭੇਤ ਅਤੇ ਉਨ੍ਹਾਂ ਦੇ ਪਾਂਖੰਡ ਦੇ ਕੰਮ ਸਾਰਿਆ ਦੇ ਸਾਹਮਣੇ ਜ਼ਾਹਿਰ ਕੀਤੇ ਜਾਣਗੇ। ਇਸ ਕਾਰਨ ਇਸ ਨਿਆਂ ਦਾ ਵਿਚਾਰ ਦੁਸ਼ਟਾਂ ਅਤੇ ਬੁਰਾਈ ਕਰਨ ਵਾਲਿਆਂ ਵਾਸਤੇ ਬੜਾ ਭਿਆਨਕ ਅਤੇ ਡਰਾਉਣਾ ਹੈ (11) ਪਰ ਧਰਮੀ ਅਤੇ ਚੁਣੇ ਹੋਏ ਲੋਕਾਂ ਵਾਸਤੇ ਇਹ ਬਹੁਤ ਖੁਸ਼ੀ ਅਤੇ ਦਿਲਾਸੇ ਵਾਲੀ ਗੱਲ ਹੈ ਕਿਉਂਕਿ ਉਸ ਸਮੇਂ ਉਨ੍ਹਾਂ ਦੇ ਛੁਟਕਾਰੇ ਦਾ ਕੰਮ ਪੂਰਾ ਹੋਵੇਗਾ ਅਤੇ ਉਹ ਆਪਣਆਂ ਮਿਹਨਤਾਂ ਅਤੇ ਤਕਲੀਫਾਂ ਜੋ ਉਨ੍ਹਾਂ ਨੇ ਭੋਗੀਆਂ, ਉਨ੍ਹਾਂ ਦਾ ਫਲ ਪ੍ਰਾਪਤ ਕਰਨਗੇ। (12) ਉਨ੍ਹਾਂ ਦੀ ਬੇਕਸੂਰੀ ਦਾ ਸਭ ਨੂੰ ਪਤਾ ਲੱਗ ਜਾਏਗਾ ਅਤੇ ਉਹ ਪ੍ਰਮੇਸ਼ਵਰ ਦਾ ਭਿਆਨਕ ਬਦਲਾ ਦੇਖਣਗੇ ਜਿਹੜਾ ਉਹ ਉਨ੍ਹਾਂ ਦੁਸ਼ਟ ਲੋਕਾਂ ਨੂੰ ਦੇਵੇਗਾ, ਜਿਨ੍ਹਾਂ ਨੇ ਇਸ ਜਗਤ ਵਿੱਚ ਉਨ੍ਹਾਂ ਨੂੰ ਸਤਾਇਆ, ਦਬਾਇਆ ਅਤੇ ਦੁਖੀ ਕੀਤਾ ਸੀ। (13)

ਦੁਸ਼ਟ ਆਪਣੀਆਂ ਹੀ ਜ਼ਮੀਰਾਂ ਦੀ ਗਵਾਹੀ ਨਾਲ ਦੋਸ਼ੀ ਠਹਿਰਾਏ ਜਾਣਗੇ ਅਤੇ ਅਮਰ ਬਣ ਜਾਣਗੇ ਪਰ ਸਿਰਫ ਉਸ ਸਦਾ ਦੀ ਸਤਾਉਣ ਵਾਲੀ ਅੱਗ ਵਿੱਚ ਜੋ ਸ਼ੈਤਾਨ ਅਤੇ ਉਸ ਦੇ ਫਰਿਸ਼ਤਿਆ ਵਾਸਤੇ ਤਿਆਰ ਕੀਤੀ ਗਈ ਹੈ (ਮੱਤੀ 25:41) (15) ਦੂਸਰੇ ਪਾਸੇ, ਵਫਾਦਾਰ ਅਤੇ ਚੁਣੇ ਹੋਏ ਲੋਕਾਂ ਨੂੰ ਮਹਿਮਾ ਅਤੇ ਮਾਣ ਦਾ ਤਾਜ ਪਹਿਨਾਇਆ ਜਾਏਗਾ। ਪ੍ਰਮੇਸ਼ਵਰ ਦਾ ਪੁੱਤਰ ਆਪਣੇ ਪਿਤਾ ਸਾਹਮਣੇ (10:32) ਅਤੇ ਉਸਦੇ ਚੁਣੇ ਹੋਏ ਫਰਿਸ਼ਤਿਆਂ ਸਾਹਮਣੇ ਉਨ੍ਹਾਂ ਦੇ ਨਾਵਾਂ ਦੀ ਹਾਮੀ ਭਰੇਗਾ (16) ਪ੍ਰਮੇਸ਼ਵਰ ਵੀ ਉਨ੍ਹਾਂ ਦੀਆਂ ਅੱਖਾਂ ਦੇ ਸਾਰੇ ਹੰਝੂ ਪੂੰਜ ਦੇਵੇਗਾ (ਪ੍ਰਕਾਸ ਦੀ ਪੋਥੀ 21:4) (17) ਅਤੇ ਉਨ੍ਹਾਂ ਦਾ ਕੰਮ ਜਿਸ ਨੂੰ ਇਸ ਵੇਲੇ ਦੇ ਜੱਜਾਂ ਅਤੇ ਜਨਤਕ ਅਧਿਕਾਰੀਆਂ ਵੱਲੋਂ ਝੂਠਾ ਕਹਿ ਕੇ ਦੋਸ਼ੀ ਠਹਿਰਾਇਆ ਜਾਂਦਾ ਹੈ ਪਰ ਉਸ ਵੇਲੇ ਪ੍ਰਮਮੇਸ਼ਵਰ ਦੇ ਪੁੱਤਰ ਦੇ ਕਾਰਜ ਵਜੋਂ ਜਾਣਿਆ ਜਾਵੇਗਾ। ਇਸ ਦਯਾਵਾਨ ਫਲ ਵਜੋਂ, ਪ੍ਰਮੇਸ਼ਵਰ ਉਨ੍ਹਾ ਨੂੰ ਅਪਾਣੀ ਇਹੋ ਜਿਹੀ ਮਹਿਮਾਂ ਬਖਸ਼ੇਗਾ ਜੋ ਮਨੁੱਖੀ ਮਨ ਕਦੇ ਸੋਚ ਵੀ ਨਹੀਂ ਸਕਦਾ (18) ਇਸ ਕਰਕੇ ਅਸੀਂ ਉਸ ਮਹਾਨ ਦਿਨ ਦੀ ਬੜੀ ਤੀਬਰ ਇੱਛਾ ਨਾਲ ਉਡੀਕ ਕਰਦੇ ਹਾਂ ਤਾਂ ਜੋ ਪ੍ਰਮੇਸ਼ਵਰ ਦੇ ਵਾਇਦੇ ਜੋ ਉਸਨੇ ਸਾਡੇ ਪ੍ਰਭੂ ਯਿਸੂ ਮਸੀਹ ਵਿੱਚ ਕੀਤੇ ਗਏ ਹਨ ਉਨ੍ਹਾਂ ਦਾ ਭਰੂਪੁਰੀ ਨਾਲ ਅਨੰਦ ਮਨਾ ਸਕੀਏ । ਆਮੀਨ । ਹੇ ਪ੍ਰਭੂ ਯਿਸੂ, ਆ। (ਪ੍ਰਕਾਸ ਦੀ ਪੋਥੀ 22:20)

1 ਮੱਤੀ 24: 36; ਮਤੀ 25:13; 1 ਥਸ 5:1,2
2 ਇਬ 11:39, 40: ਪਰ 6:11
3 ਪਰ 1:7
4 ਮਤੀ 24:30; ਮਤੀ 25:31
5 ਮਤੀ 25:31-46; 2ਤਿਮੋ 4:1; 1 ਪਤ 4:5
6 2 ਪਤ 3:10-13
7 ਵਿਵ 7:9-11: ਪਰ 20:12, 13
8 ਦਾਨੀ 12:2; ਯੂਹ 5:28, 29
9 1 ਕੁਰਿ 15:51; 52, ਫਿਲਿ 3:20, 21
10 ਇਬ 9:27; ਪਰ 22:12
11 ਮਤੀ 11:22; ਮਤੀ 23:23; ਰੋਮ 2:5, 6; ਇਬ 10:27; 2ਪਤ 2:9; ਯਹੂ 15; ਪਰ 14:7a
12 ਲੂਕਾ 14:14; 2ਥਸ 1:3-10; 1ਯੂਹ 4:17
13 ਪਰ 15:4; ਪਰ 18:20
14 ਮਤੀ 13:41, 42; ਮਰ 9:48; ਲੂਕ 16:22-28; ਪਰ 21:8
15 ਪਰ 20:10
16 ਪਰ 3:5
17 ਯਸ 25:8; ਪਰ 7:17
18 ਦਾਨੀ 12:3; ਮਤੀ 5:12; ਮਤੀ 13:43; 1 ਕੁਰਿ 2:9; ਪਰ 21:9-22:5